Digitized by Arya Samaj Foundation Chennai and eGangotri

ਦਿਲ ਦੀਆਂ ਬਾਤੀਂ



ਇਕਬਾਲ ਕੌਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

Forwarded free of Cost, and with the
Compliments of Deptt. of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਲ ਦੀਆਂ ਬਾਤੀਂ

[Folk Songs of Punjab]

DONATION

Forwarded free of Cost, and with the Compliments of Deptt. of Education, Govt. of India, New Delhi.

ਇਕਬਾਲ ਕੌਰ

ਪੀਐਚ. ਡੀ.

8551

ਵਾਰਿਸਸ਼ਾਹ ਫਾਉਂਡੇਸ਼ਨ

ਅੰਮ੍ਰਿਤਸਰ–143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DIL DIAN B-A-TEEN
(Folk Songs of Punjab)
by
Dr. Iqbal Kaur M.A., Ph.D.
School of Punjabi Studies, (G.N.D.U.)
Amritsar. 143005

ਪਹਿਲੀ ਵਾਰ : 1991

ਮੁੱਲ : 75 ਰੁਪਏ

ਪ੍ਰਾਪਤੀ ਸਥਾਨ
ਵਾਰਿਸ ਸ਼ਾਹ ਫਾਉਂਡੇਸ਼ਨ
42, ਗੁਰੂ ਤੇਗ ਬਹਾਦਰ ਨਗਰ,
ਡਾ. ਖਾਲਸਾ ਕਾਲਜ, ਅੰਮ੍ਰਿਤਸਰ 143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ,
ਗੁਰੂ ਨਾਨਕ ਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਤਿ

ਆਪਣੇ ਬਾਪ ਦੇਸ਼ ਭਗਤ ਸ. ਗਹਿਲ ਸਿੰਘ ਛਜਲਵੱਢੀ
ਜਿਸ ਨੇ ਬਿਖੜੇ ਪੈਂਡਿਆਂ ਦੀ ਚੋਣ ਨੂੰ ਤਰਜੀਹ ਦਿੱਤੀ,
ਦੀ ਕੁਰਬਾਨੀ ਦੀ ਯਾਦ ਨੂੰ ਜੋ ਮੈਨੂੰ
ਨਿਰਉਤਸਾਹਿਤ ਨਹੀਂ ਹੋਣ ਦਿੰਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

○ ਆਏ ਸੋ ਰਾਤੀਂ ਚੜ੍ਹ ਸੁੱਤੇ ਸਬਾਤੀਂ ਜੀ,
ਤੁਸਾਂ ਨਾ ਸੁਣੀਆਂ ਸਾਡੇ ਦਿਲ ਦੀਆਂ ਬਾਤੀਂ ਜੀ ।

○ ਉੱਚੀ ਤੇ ਮਾੜੀ ਜੀ ਰਾਂਗਲੀ ਉੱਤੇ ਘੁੱਗੀਆਂ ਦਾ ਜੋੜਾ
ਇਕ ਜੂ ਘੁੱਗੀ ਜੀ ਉੱਡ ਗਈ ਦੂਜੀ ਪੈ ਗਿਆ ਵਿਛੋੜਾ ।
ਹੱਥੀਂ ਤੇ ਮਹਿੰਦੀ ਜੀ ਰਾਂਗਲੀ ਬਾਹੀਂ ਨੌ–ਰੰਗ ਚੂੜਾ
ਆਖਣਾ ਤੇ ਸਾਡੇ ਜੀ ਲਾਲ ਨੂੰ ਘਰ ਜੋਬਨ ਗੂੜਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਦੋ ਸ਼ਬਦ	ਡਾ. ਕਰਨੈਲ ਸਿੰਘ ਥਿੰਦ	5
ਕਿਤੇ ਕਿਤੇ ਵਣਜਾਰਾ ਮਿਲਦਾ	ਡਾ. ਸ਼ਹਰਯਾਰ	9
ਮੁਖ-ਬੰਧ		12
ਟੁੱਟੀ ਰੇਸ਼ਮ ਡੋਰ		21
ਕੂੜ ਅਲ੍ਹਾਮਾ ਜੀ ਆਇਆ		22
ਮਾਹੀ ਮਿਲੇ ਨੀ ਸਾਨੂੰ ਮਾਹੀਅੜਾ		23
ਭਲਾ ਵੇ ਜਲਾਲੀਆ ਵੇ ਰੋੜਿਆ		24
ਵਿਹੜੇ ਆ ਵੜਿਆ ਫਕੀਰ		25
ਸਾਧਾਂ ਨਾਲ ਜਾਣਾ ਨੀ ਛੋਡ ਦੇ		26
ਰਾਜਾ ਰਣਜੀਤ ਸਿੰਹਾਂ ਵੇ		27
ਉੱਚੀ ਮਾੜੀ ਰਾਂਗਲੀ		28
ਉੱਚਾ ਪਿੱਪਲ ਝਾਟਲਾ		29
ਗੋਰੀਏ ਦਿਲ ਰੱਖ ਟਿਕਾਣੇ		30
ਚੜ੍ਹ ਚੁਬਾਰੇ ਖ਼ੇਹਨੂੰ ਖੇਡਦੀ		31
ਮੋਰ ਤੇ ਅੰਮਾਂ ਜਾਇਆ ਵੀਰ ਆ		32
ਭਾਬੋ ਧੀ ਜੂ ਪਰਾਈ		33
ਮੰਦਾ ਕੀਤਾ ਬਾਬਲਾ		34
ਮਾਪਿਆਂ ਨੇ ਜ਼ੁਲਮ ਕੀਤਾ		35
ਪਾਂਧੇ ਪੱਤਰੀ		36
ਦਿਲ ਦੀਆਂ ਬਾਤੀਂ		37
ਮੇਰਾ ਮਨ ਡੋਲਿਆ ਈ		38
ਮੇਰੀਆਂ ਡੱਬੇ ਡੱਬੇ ਜੰਜੀਰੀਆਂ		40

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਢਲ ਪਰਛਾਵੇਂ ਚਰਖਾ ਡਾਹਿਆ	41
ਕੰਨੀਂ ਲਿਸ਼ਕਣ ਕਾਂਟੇ	43
ਮੇਲੇ ਤੇ ਜਾਣਾ ਜ਼ਰੂਰ ਨੀ	44
ਰੱਤਾ ਫੁੱਲ ਗੁਲਾਬ ਦਾ	45
ਘਰ ਆ ਵੇ ਮਲੂਕਾ	46
ਵਰਜੀਂ ਵਰਜੀਂ ਨੀ ਸੱਸੂ ਪੁੱਤਰ ਆਪਣੇ ਨੂੰ	47
ਸਾਡਾ ਸਬਰ ਫਰੰਗੀਆਂ ਨੂੰ ਮਾਰੇ	48
ਸੜ ਸੜ ਮਰਨ ਤੇਰੇ ਜੇਹੀਆਂ ਨਾਰਾਂ	49
ਚੰਦ ਮੰਗਦਾ ਮਾਏ, ਬੰਦ ਵੀ ਮੰਗਦਾ	50
ਸੱਜਣਾ ਦੀ ਦੱਸ ਪਵੇ	51
ਇਕ ਖਰਬੂਜਾ ਬਾਰਾਂ ਜਣੀਆਂ	52
ਉੱਡਣ ਖਟੋਲੇ ਦਿਆ ਜੰਮਿਆਂ	53
ਰਾਂਝਾ ਰੁਸ ਨੀ ਗਿਆ	54
ਇਕ ਛੈਲ ਕੁੜੀ ਮੁਟਿਆਰ	55
ਸੁੱਚਿਆਂ ਵਰਕਾਂ ਪੀਹੜਾ ਮੱਲਿਆ ਈ	56
ਤੇਰੀ! ਤੇਰੀ ਖਾਤਰ ਜੀਨੀਆਂ ਰਾਂਝਾ	57
ਲਾਲ ਬਾਰੀਂ ਵਰ੍ਹੀਂ ਘਰ ਆਇਆ	58
ਡੇਰੇ ਆਣ ਲੱਥੇ ਗੁਜਰਾਤ	59
ਜੁੱਗ ਜੀਉ ਜਵਾਨੀਆਂ ਮਾਣੋ	60
ਦਿਲਾਂ ਦੀਏ ਸਾਂਝਣੀਏ ਹੀਰੇ	61
ਰੱਬਾ ! ਕਿਤੇ ਮਿਲੀਏ	62
ਅਰਜ਼ਾਂ ਮਿੰਨਤਾਂ ਮੈਂ ਕਰਾਂ	63
ਮਹੀਂਵਾਲ ਮਿਲਣ ਦੀ ਆਸ	64

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਰਜ਼ਾ ਤੇ ਸਾਹਿਬਾਂ ਦੀ ਦੋਸਤੀ 66
ਮਿਰਜ਼ਿਆ ਤੇਰੇ ਲੜ ਲਾਵਾਂ ਦੋਸਤੀ 67
ਸੱਸੀ ਪੁੰਨੂੰ ਦੀ ਦੋਸਤੀ 68
ਜੰਮੂਏ ਸ਼ਹਿਰ ਦਾ ਲਲਾਰੀ ਆਇਆ 69
ਅੰਬ ਦੀ ਡਾਲੀ ਉਤੇ ਕੋਇਲ ਪਈ ਬੋਲੇ 70
ਮੇਰਾ ਹਰੀ ਰੰਗ ਤੋਤਾ 71
ਮੁੱਠੀ ਜਾਨ ਮੈਂ ਆਈ ਆਂ 72
ਲੱਕ ਮੁੱਠੀ ਵਿਚ ਆਂਵਦਾ ਈ 73
ਬਾਬਲ ਦੇ ਵਿਹੜੇ ਨਿੰਮ ਝੂਲੇਂਦੀ 74
ਸੌਹਰੇ ਵਿਹੜੇ ਨਿੰਮ ਹੁਲਾਰੇ 75
ਵਿਹੜੇ ਤੇ ਸਾਡੇ ਅੰਬੀਆਂ ਦਾ ਬੂਟਾ 76
ਉੱਚੀ ਟਾਹਲੀ ਤੇ ਹੇਠ ਬਰੇਤਾ 78
ਮੋੜੋ ਮੋੜੋ ਸਈਓ 79
ਦੂਰ ਵਸੇਂਦਿਆ ਨੌਕਰਾ ਵੇ 80
ਛੱਡ ਗਵਾਂਢਣ ਦੀ ਦੋਸਤੀ 81
ਲਾਵਾਂ ਲਈਆਂ ਤੇਰੇ ਵੇ ਵੀਰ ਨੇ 82
ਭਾਬੋ ਨਾਰ ਪਰਾਈ ਵੇ 83
ਤੇਰੀ ਸਾੜੀ ਮੈਂ ਸੜ ਗਈ ਦੇਰਾ 84
ਵੇ ਅਨੋਖਿਆ ਦੇਰਾ 85
ਭਾਬੀ ਮਾਰਦੀ ਦੇਵਰ ਨੂੰ ਬੋਲੀ 86
ਭਾਬੋ ਵਿਹੜੇ ਲੰਘਿਆ 87
ਖਵਾਜਾ ਪੀਰ ਧਿਆਈਏ 88

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਨਾ ਮਾੜਿਉਂ ਘੱਲ ਵੇ	89
ਸਾਨੂੰ ਜਮਨਾ ਦਾ ਸੋਨਾ ਮੰਗਾ ਦੇ	90
ਤੁਰ ਚੱਲੇ ਪਰਦੇਸ	91
ਜਦੋਂ ਵੱਸਾਂਗੇ ਉਦੋਂ ਗੱਲਾਂ ਦੱਸਾਂਗੇ	92
ਆਪ ਸੋਹਣਾ ਤੁਰ ਗਿਆ	93
ਘਰ ਮੇਰੀ ਚੈਂਚਲ ਨਾਰ	94
ਟਿੱਕਾ ਰੱਖ ਲਿਆ ਵਿਚ ਮੂਰਤਾਂ ਦੇ	95
ਬਲੋਚਾ ਜ਼ਾਲਮਾਂ	96
ਫੁੱਲ ਲੱਗੇ ਗੁਲਾਨਾਰੀ	97
ਬਾਲ ਵਿਛੋੜਾ ਝੱਲਿਆ ਈ	99
ਘਰ ਵਿਚ ਰਾਜ ਜਠਾਣੀ ਦਾ	100
ਤੇਰਾ ਜਾਂਦੇ ਦਾ ਨਾਵਾਂ ਨਾ ਲੱਗੇ ਵੇ	101
ਖਾ ਨਾ ਮਰੀਂ ਡੱਬਾ ਨੀ ਜ਼ੈਹਰ ਦਾ	102
ਬੰਗਲੇ ਮੈਂ ਨਹੀਂ ਜਾਣਾ	103
ਵਰਗੀ ਰਾਵੀ ਵਿਚ ਖੰਡ ਪਈ ਤੁੱਲਦੀ	104
ਮਜੀਠ ਕੁਟੇਂਦੀ ਲੈ ਚੱਲੇ	105
ਵੰਝਲੀ ਵਜਾਵੇ ਤੇ ਵਚਨ ਸੁਣਾਵੇ	106
ਸੱਸੂ ਦੇ ਜਾਏ ਮਿੱਤ ਨਹੀਂ ਬਣਦੇ	107
ਜੇ ਤੁਰ ਚਲਿਉਂ ਨੌਕਰੀ ਵੇ	108
ਮਹੀਂਵਾਲ ਜੇ	109
ਹੀਰਿਆ ਹਰਨਾ	110
ਸੂਰ ਲਿੱਪੀ	111
ਪੁਸਤਕ ਸੂਚੀ	154

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਸ਼ਬਦ

ਲੋਕਯਾਨ ਦੇ ਖੇਤਰ ਵਿਚ ਡਾ. ਇਕਬਾਲ ਕੌਰ ਦੀ ਪਲੇਠੀ ਰਚਨਾ : 'ਪੰਜਾਬੀ ਲੋਕਯਾਨ' ਦੇ ਆਰੰਭ ਵਿਚ 'ਮੁੱਢਲੀ ਗੱਲ' ਸਿਰਲੇਖ ਹੇਠ ਮੈਂ ਆਪਣਾ ਅਨੁਭਵ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਸੀ :

> ਡਾ. ਸੌਂਦ (ਇਕਬਾਲ ਕੌਰ) ਪਿਛਲੇ ਕੁਝ ਸਾਲਾਂ ਤੋਂ ਲੋਕ ਧੰਧਿਆਂ ਦੇ ਅਧਿਐਨ ਨਾਲ ਬੜੀ ਸੰਜੀਦਗੀ ਨਾਲ ਜੁੜੀ ਹੋਈ ਹੈ। ਪੰਜਾਬੀ ਲੋਕ ਗੀਤਾਂ ਅਤੇ ਲੋਕਨਾਚਾਂ ਵਿਚ ਵੀ ਉਸ ਨੂੰ ਕਾਫੀ ਦਿਲਚਸਪੀ ਹੈ। ਖੇਤਰੀ ਕਾਰਜ ਸਮੇਂ ਉਸ ਨੂੰ ਜੋ ਅਨੁਭਵ ਹੋਏ ਹਨ, ਉਨ੍ਹਾਂ ਨੇ ਡਾ. ਸੌਂਦ ਨੂੰ ਲੋਕਯਾਨ ਦੇ ਅਧਿਐਨ ਵਲ ਹੋਰ ਵੀ ਵਧੇਰੇ ਰੁਚਿਤ ਕਰ ਦਿਤਾ ਹੈ। ਇਸ ਲਈ ਸੁਭਾਵਕ ਹੀ ਭਵਿੱਖ ਵਿਚ ਲੇਖਕਾ ਪਾਸੋਂ ਲੋਕਯਾਨ ਦੇ ਖੇਤਰ ਵਿਚ ਹੋਰ ਵਡੇਰੀਆਂ ਪ੍ਰਾਪਤੀਆਂ ਦੀ ਆਸ ਕੀਤੀ ਜਾ ਸਕਦੀ ਹੈ।

ਹੱਥਲੀ ਪੁਸਤਕ 'ਦਿਲ ਦੀਆਂ ਬਾਤੀਂ' ਮੇਰੇ ਵਲੋਂ ਕੀਤੀ ਗਈ ਭਵਿੱਖ ਬਾਣੀ ਦਾ ਪ੍ਰਤੱਖ ਪ੍ਰਮਾਣ ਹੈ। ਇਹ ਰਚਨਾ ਮੂਲ ਰੂਪ ਵਿਚ ਮਾਝੇ ਦੇ ਲੋਕ ਗੀਤਾਂ (ਗਉਣਾ) ਦਾ ਸੰਗ੍ਰਹਿ ਹੈ। ਡਾ. ਇਕਬਾਲ ਕੌਰ ਨੇ ਇਨ੍ਹਾਂ ਗੀਤਾਂ ਨੂੰ "ਗਉਣ" ਕਿਹਾ ਹੈ, ਜੋ ਬਿਲਕੁਲ ਠੀਕ ਹੈ। 'ਗਉਣ" ਮੂਲ ਰੂਪ ਵਿਚ ਲੰਮੇ ਅਤੇ ਕਾਫੀ ਹੱਦ ਤਕ ਆਪਣੇ ਆਪ ਵਿਚ ਮੁਕੰਮਲ ਲੋਕ ਗੀਤ ਹਨ। ਪੰਜਾਬ ਵਿਚ ਕੁੜੀ ਜਾਂ ਮੁੰਡੇ ਦੇ ਵਿਆਹ ਤੋਂ ਹਫਤਾ ਦਸ ਦਿਨ ਪਹਿਲਾਂ "ਗਉਣ ਬਿਠਾਉਣ" ਦਾ ਰਿਵਾਜ ਪ੍ਰਚਲਿਤ ਰਿਹਾ ਹੈ। ਇਹ ਗਉਣ ਇਕ ਸਦੀ ਤੋਂ ਦੂਜੀ ਸਦੀ ਤਕ, ਅਤੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਪਾਸ ਜ਼ਬਾਨੀ ਪੁਜਦੇ ਰਹੇ ਹਨ। ਪਰ 19ਵੀਂ ਸਦੀ ਦੇ ਦੂਜੇ ਅੱਧ ਵਿਚ ਆਰੰਭ ਹੋਈ ਸਿੰਘ ਸਭਾ ਲਹਿਰ ਨੇ ਅਜੋਕੇ ਸਮੇਂ ਅੰਦਰ ਵਿਦਿਆ ਦੇ ਪਾਸਾਰ, ਉਦਯੋਗੀਕਰਣ ਅਤੇ ਸ਼ਹਿਰੀਕਰਣ ਨਾਲ ਇਹ ਰੀਤੀ ਲਗਪਗ ਖ਼ਤਮ ਹੋ ਚੁਕੀ ਹੈ। ਸਾਇੰਸੀ ਤੇ ਸਨਅਤੀ ਉੱਨਤੀ ਨਾਲ ਸਾਡੀ ਚੇਤਾ-ਸ਼ਕਤੀ ਵੀ ਸਾਥ ਨਹੀਂ ਦੇ ਰਹੀਆਂ। ਇਸ ਲਈ ਲੋਕ ਸਾਹਿਤ ਦੀ ਸੰਭਾਲ ਪੁਸਤਕਾਂ ਦੇ ਰੂਪ ਵਿਚ ਕਰਨੀ ਪੈ ਰਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾਕਟਰ ਹਜ਼ਾਰੀ ਪ੍ਰਸਾਦਿ ਦ੍ਵਿਵੇਦੀ ਜੇਹੇ ਵਿਦਵਾਨ ਦੀ ਰਾਇ ਵਿਚ ਲੋਕ ਗੀਤਾਂ ਦਾ ਮਹੱਤਵ ਮਹਿੰਜੋਦਾਰੋ ਦੇ ਥਿਹਆਂ ਵਿਚੋਂ ਲੱਭੀਆਂ ਦੁਰਲੱਭ ਵਸਤੂਆਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਇਹ ਗਉਣ ਸਾਡਾ ਅਮੁਲ ਭੰਡਾਰ ਹਨ। ਸਾਹਿਤਕ ਮਹੱਤਾ ਤੋਂ ਕਿਤੇ ਵਧੇਰੇ ਇਨ੍ਹਾਂ ਦੀ ਸਮਾਜਕ ਤੇ ਸਭਿਆਚਾਰਕ ਮਹਾਨਤਾ ਹੈ। ਲੋਕ ਗੀਤਾਂ ਦੀ ਇਸ ਅਹਿਮੀਅਤ ਨੂੰ ਪਛਾਣਦਿਆਂ ਹੋਇਆਂ ਡਾ. ਇਕਬਾਲ ਕੌਰ ਨੇ ਪਿਛਲੇ ਕਈ ਸਾਲਾਂ ਦੀ ਮਿਹਨਤ ਤੇ ਇਕਸਾਰ ਲਗਨ ਨਾਲ ਪਿੰਡ ਪਿੰਡ, ਘਰ ਘਰ ਜਾ ਕੇ ਸੈਂਕੜੇ ਗੀਤ ਇਕੱਤਰ ਕੀਤੇ ਹਨ, ਜਿਨ੍ਹਾਂ ਵਿਚੋਂ ਚੋਣ ਕਰਕੇ ਪਚਾਸੀ ਗਉਣ 'ਦਿਲ ਦੀਆਂ ਬਾਤੀਂ' ਸੰਗ੍ਰਹਿ ਵਿਚ ਸ਼ਾਮਲ ਕੀਤੇ ਹਨ। ਇਸ ਤੋਂ ਪਹਿਲਾਂ ਕੁਲਵੰਤ ਸਿੰਘ ਔਲਖ ਨੇ ਵੀ ਮਾਝੇ ਦੇ ਲੋਕਗੀਤਾਂ ਦੇ ਦੋ ਸੰਗ੍ਰਹਿ ਪ੍ਰਕਾਸ਼ਿਤ ਕਰਵਾਏ ਹਨ। ਇਸੇ ਪ੍ਰਕਾਰ ਡਾ. ਕਰਮਜੀਤ ਸਿੰਘ ਨੇ ਦੁਆਬੇ ਦੇ ਅਤੇ ਡਾ. ਨਾਹਰ ਸਿੰਘ ਅਤੇ ਡਾ. ਲਾਭ ਸਿੰਘ ਖੀਵਾ ਨੇ ਮਾਲਵੇ ਦੇ ਲੋਕ ਗੀਤ ਇਕੱਤਰ ਕਰਕੇ ਛਪਵਾਏ ਹਨ। ਇਹ ਸਾਰੇ ਯਤਨ ਆਪਣੀ ਆਪਣੀ ਥਾਂ ਕਾਫੀ ਸ਼ਲਾਘਾ ਯੋਗ ਹਨ। ਪਰੰਤੂ ਡਾ. ਇਕਬਾਲ ਕੌਰ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਹ ਖ਼ੁਦ ਪੰਜਾਬੀ ਲੋਕ ਗੀਤਾਂ ਦੀ ਸੁਚੱਜੀ ਗਾਇਕਾ ਹੈ, ਅਤੇ ਉਸ ਨੇ ਬੜੀ ਮਿਹਨਤ ਅਤੇ ਸਿਰੜ ਨਾਲ ਇਕੱਤਰ ਕੀਤੇ ਗਏ ਗਉਣਾਂ ਦੀ ਸੁਰ-ਲਿਪੀ ਵੀ ਤਿਆਰ ਕਰਕੇ ਪੁਸਤਕ ਦੇ ਅੰਤ ਵਿਚ ਛਾਪ ਦਿਤੀ ਹੈ। ਗੀਤ ਦੀ ਸਾਰੀ ਖ਼ੂਬਸੂਰਤੀ ਉਸ ਦੇ ਗਾਏ ਜਾਣ ਅਥਵਾ ਸੰਗੀਤ ਵਿਚ ਹੁੰਦੀ ਹੈ। ਸੰਗ੍ਰਹਿ ਕਰਤਾ ਨੇ ਇਸ ਤੱਥ ਨੂੰ ਮੁੱਖ ਰਖਦਿਆਂ ਇਨ੍ਹਾਂ ਗੀਤਾਂ ਦੀਆਂ ਧੁਨਾਂ ਦੀ ਸੁਰ-ਲਿਪੀ ਨੂੰ ਪ੍ਰਸਤੁਤ ਕਰਕੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਹੈ।

ਡਾ. ਇਕਬਾਲ ਨੇ ਕੋਸ਼ਿਸ਼ ਕੀਤੀ ਹੈ ਕਿ 'ਦਿਲ ਦੀਆਂ ਬਾਤੀਂ' ਵਿਚ ਕੋਈ ਵੀ ਗਉਣ ਅਜਿਹਾ ਸ਼ਾਮਲ ਨਾ ਕੀਤਾ ਜਾਵੇ ਜਿਹੜਾ ਹੂ-ਬਹੂ ਰੂਪ ਵਿਚ ਪਹਿਲਾਂ ਕਿਸੇ ਲੋਕ ਗੀਤ-ਸੰਗ੍ਰਿਹ ਦਾ ਭਾਗ ਬਣ ਚੁਕਾ ਹੋਵੇ। ਜਾਂ ਕੁਝ ਇਕ ਅਧੂਰੇ ਗੀਤਾਂ ਦੇ ਬਾਕੀ ਹਿੱਸੇ ਦੀ ਭਾਲ ਕਰਕੇ ਮੁਕੰਮਲ ਕਰਨ ਦਾ ਯਤਨ ਕੀਤਾ ਗਿਆ ਹੈ ਅਸਲ ਵਿਚ ਲੋਕ ਜੀਵਨ ਨਾਲ ਸੰਬੰਧਿਤ ਸਾਮਗ੍ਰੀ ਜਾਂ ਲੋਕ ਸਾਹਿਤ ਦੇ ਵਿਭਿੰਨ ਰੂਪਾਂ, ਲੋਕ ਗੀਤਾਂ ਜਾਂ ਲੋਕ ਕਹਾਣੀਆਂ ਦੀ ਭਾਲ, ਸੰਭਾਲ ਅਤੇ ਅਧਿਐਨ ਕੋਈ ਸਹਿਜ ਕਾਰਜ ਨਹੀਂ ਹੈ। ਅਮਰੀਕਾ ਵਿਚ ਇੰਡੀਆਨਾ ਯੂਨੀਵਰਸਿਟੀ ਦੇ ਇਕ ਖੋਜ ਵਿਦਿਆਰਥੀ ਨੇ ਲੋਕ ਕਹਾਣੀ ਨੂੰ ਆਪਣੇ ਅਧਿਐਨ ਦਾ ਵਿਸ਼ੇ ਬਣਾਇਆ। ਉਹ ਸੰਬੰਧਿਤ ਲੋਕ ਕਹਾਣੀ ਦੇ ਅੱਠ ਸੌ ਤੋਂ ਉਪਰ ਪਾਠਾਂਤਰ (Versions) ਇਕੱਤਰ ਕਰਕੇ ਆਪਣੇ ਨਿਗਰਾਨ ਪਾਸ ਲੈ ਗਿਆ। ਇਕ ਹਫਤੇ ਪਿਛੋਂ ਜਦ ਉਹ ਦੋਬਾਰਾ ਆਪਣੇ ਨਿਗਰਾਨ ਨੂੰ ਮਿਲਿਆ ਤਾਂ ਉਸ ਨੇ ਦਸਿਆ ਕਿ ਫਿਲਹਾਲ ਉਸ ਨੂੰ ਹੋਰ ਰੂਪਾਂਤਰ ਇਕੱਤਰ ਕਰਨ ਦੀ ਲੋੜ ਹੈ, ਕਿਉਂ ਜੋ ਉਸੇ ਲੋਕ ਕਹਾਣੀ ਦੇ ਇਕ ਸੌ ਦੇ ਲਗਪਗ ਵੱਖ ਵੱਖ ਰੂਪ ਤਾਂ ਨਿਗਰਾਨ ਨੇ ਆਪਣੇ ਨੇੜੇ ਦੇ ਹਲਕੇ ਵਿਚੋਂ ਇਕੱਠੇ ਕਰ ਲਏ ਹਨ। ਇਸੇ ਪ੍ਰਕਾਰ ਰੂਸ ਵਿਚ ਭਾਰਤੀ ਭਾਸ਼ਾਵਾਂ ਦੇ ਸਾਹਿਤ ਦੇ ਪ੍ਰਸਿਧ ਵਿਦਵਾਨ ਡਾ. ਸਰਬੀਆ ਕੋਵ ਨੇ ਡਾ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਹਿੰਦਰ ਸਿੰਘ ਰੰਧਾਵਾ ਰਾਹੀਂ ਮੈਨੂੰ "ਕਲੇਜਾ ਕੱਢਣ" ਦੀ ਰੂੜ੍ਹੀ ਨੂੰ ਪ੍ਰਗਟ ਕਰਨ ਵਾਲੇ ਲੋਕ ਗੀਤਾਂ, ਲੋਕ ਕਹਾਣੀਆਂ ਜਾਂ ਬ੍ਰਿਤਾਂਤਾਂ ਦਾ ਵੇਰਵਾ ਭੇਜਣ ਲਈ ਕਿਹਾ ਸੀ। ਕਿਉਂ ਜੋ ਲੋਕ ਗੀਤ ਜਾਂ ਲੋਕ ਕਹਾਣੀਆਂ ਨੇ ਸਾਧਾਰਣ ਜਨ-ਜੀਵਨ ਦੀਆਂ ਜ਼ਬਾਨਾਂ ਰਾਹੀਂ ਸਦੀਆਂ ਦਾ ਸਫਰ ਤਹਿ ਕੀਤਾ ਹੈ, ਇਸ ਲਈ ਇਨ੍ਹਾਂ ਦੇ ਅਣਗਿਣਤ ਰੂਪਾਂਤਰ ਮਿਲਦੇ ਹਨ। ਪੰਜਾਬ ਦੇ ਗੁਆਂਢੀ ਰਾਜਾਂ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਜੰਮੂ, ਆਦਿ ਵਿਚ ਲੋਕ ਸਾਹਿਤ ਦੇ ਜਿਹੜੇ ਸੰਗ੍ਰਹਿ ਪ੍ਰਾਪਤ ਹਨ, ਉਨ੍ਹਾਂ ਦੀ ਬਹੁਤ ਸਾਰੀ ਸਾਮਗ੍ਰੀ ਪੰਜਾਬ ਦੇ ਲੋਕ ਸਾਹਿਤ ਨਾਲ ਮੇਲ ਖਾਂਦੀ ਹੈ। ਜੇ ਕੋਈ ਖੋਜਾਰਥੀ ਕਿਸੇ ਇਕ ਲੋਕ ਗੀਤ ਜਾਂ ਲੋਕ ਕਹਾਣੀ ਨੂੰ ਲੈ ਕੇ ਉਸ ਦੇ ਵੱਧ ਤੋਂ ਵੱਧ ਪਾਠਾਂਤਰਾਂ ਦੀ ਭਾਲ ਕਰਕੇ ਅਧਿਐਨ ਦਾ ਵਿਸ਼ੇ ਬਣਾਏ ਤਾਂ ਬਹੁਤ ਭਾਵਪੂਰਤ ਸਿੱਟੇ ਨਿਕਲ ਸਕਦੇ ਹਨ। ਡਾ. ਇਕਬਾਲ ਕੌਰ ਨੂੰ ਇਸ ਗਲੋਂ ਡਰਨ ਦੀ ਲੋੜ ਨਹੀਂ ਕਿ ਜਿਹੜੇ ਗਾਉਣ ਉਸ ਨੇ ਬੜੀ ਮਿਹਨਤ ਨਾਲ ਇਕੱਤਰ ਕੀਤੇ ਹਨ, ਉਨ੍ਹਾਂ ਵਿਚੋਂ ਕੁਝ ਇਕ ਦੇ ਕੁਝ ਭਾਗ ਜਾਂ ਰੂਪਾਂਤਰ ਪਹਿਲਾਂ ਕਿਸੇ ਲੋਕ ਗੀਤ ਸੰਗਹਿ ਵਿਚ ਮਿਲਦੇ ਹਨ। ਸਗੋਂ ਵਡਿਆਈ ਇਸ ਵਿਚ ਹੈ ਕਿ ਕੋਈ ਖੋਜ-ਕਰਤਾ ਕਿਸੇ ਲੋਕ ਗੀਤ ਦੇ ਵੱਧ ਤੋਂ ਵੱਧ ਕਿੰਨੇ ਰੂਪਾਂਤਰਾਂ ਦੀ ਭਾਲ ਕਰ ਸਕਿਆ ਹੈ।

ਲੋਕ ਗੀਤ ਸਾਡੇ ਸਭਿਆਚਾਰ ਦਾ ਅਨਿੱਖੜ ਅੰਗ ਹਨ। ਜੰਮਣ ਤੋਂ ਲੈ ਕੇ ਮੌਤ ਤਕ ਪੰਜਾਬੀ ਜੀਵਨ ਦਾ ਕੋਈ ਵੀ ਪੱਖ ਅਜਿਹਾ ਨਹੀਂ ਜਿਸ ਬਾਰੇ ਲੋਕ ਗੀਤ ਮਿਲਦੇ ਹੋਣ। ਬਚਪਨ ਲੋਰੀਆਂ, ਥਾਲਾਂ ਤੇ ਕਿਕਲੀਆਂ ਵਿਚ ਗੁਜ਼ਰਦਾ ਹੈ। ਛੰਤਾਂ, ਸੁਹਾਗਾਂ, ਘੋੜੀਆਂ ਸਿਠਣੀਆਂ ਅਤੇ ਗਿੱਧਿਆਂ ਵਿਚ ਵਿਆਹਿਆ ਜਾਂਦਾ ਹੈ। ਢੋਲੇ, ਮਾਹੀਏ, ਟੱਪੇ ਬੋਲੀਆਂ, ਜਿੰਦੂਏ ਅਤੇ ਦੋਹੜਿਆਂ ਵਿਚ ਜਵਾਨੀ ਬਤੀਤ ਕਰਦਾ ਹੈ। ਜਦ ਉਹ ਇਸ ਸੰਸਾਰ ਤੋਂ ਰੁਖਸਤ ਹੁੰਦਾ ਹੈ ਤਾਂ ਵੀ ਕੀਰਨੇ, ਵੈਣ ਅਤੇ ਅਲਾਹੁਣੀਆਂ, ਆਦਿ ਗੀਤ ਅੰਤਿਮ ਸੰਸਕਾਰਾਂ ਦਾ ਰੂਪ ਧਾਰਨ ਕਰਦੇ ਹਨ। ਇਨ੍ਹਾਂ ਗੀਤਾਂ ਦੀ ਸੰਭਾਲ ਸਾਡੇ ਆਪਣੇ ਵਿਰਸੇ ਦੀ ਸੰਭਾਲ ਹੈ ਅਤੇ ਇਨ੍ਹਾਂ ਦਾ ਅਧਿਐਨ ਸਾਡੇ ਆਪਣੇ ਆਪ ਦਾ ਮੁਤਾਲਿਆ ਹੈ।

ਡਾ. ਇਕਬਾਲ ਕੌਰ ਨੇ ਇਨ੍ਹਾਂ ਗੀਤਾਂ ਦੀ ਅਹਿਮੀਅਤ ਨੂੰ ਪਛਾਣਿਆ ਹੈ; ਕਰੜੀ ਘਾਲਣਾ ਨਾਲ ਇਨ੍ਹਾਂ ਨੂੰ ਇਕੱਤਰ ਕਰਕੇ ਢੁਕਵੀਂ ਤਰਤੀਬ ਦਿੱਤੀ ਹੈ ਅਤੇ 'ਦਿਲ ਦੀਆਂ ਬਾਤੀਂ' ਪੁਸਤਕ ਦਾ ਜਾਮਾ ਪਹਿਨਾਇਆ ਹੈ। ਸੰਕਲਨ ਕਰਤਾ ਨੇ ਪੁਸਤਕ ਦੇ ਮੁਖ ਬੰਧ ਵਿਚ ਸੰਕਿਲਤ ਗਊਣਾਂ ਦੇ ਵਿਸ਼ਲੇਸ਼ਣ ਦੇ ਆਧਾਰ ਤੇ ਇਸ ਰੂਪ ਦੇ ਗੀਤਾਂ ਸੰਬੰਧੀ ਆਪਣੇ ਕੁਝ ਨਿਰਣੇ ਪ੍ਰਸਤੁਤ ਕਰਕੇ ਇਸ ਖੇਤਰ ਵਿਚ ਅਧਿਐਨ ਨੂੰ ਅਗਾਂਹ ਤੋਰਨ ਦਾ ਯਤਨ ਵੀ ਕੀਤਾ ਹੈ। ਔਖੇ ਲਫ਼ਜ਼ਾਂ ਦੇ ਅਰਥ ਵੀ ਦਿੱਤੇ ਗਏ ਹਨ। ਸੁਰ ਲਿੱਪੀ ਦੁਆਰਾ ਨਿਯਮਬਧ ਕਰਕੇ ਸੰਗੀਤਕਾਰ ਦੇ ਕੰਮ ਨੂੰ ਸੁਖਾਲਾ ਬਣਾ ਦਿਤਾ ਹੈ। ਇਨ੍ਹਾਂ ਗੀਤਾਂ ਨੂੰ (ਪੜ੍ਹਕੇ/ਸੁਣ ਕੇ) ਮਾਝੇ ਦੇ ਲੋਕ ਜੀਵਨ ਦੀ ਤਸਵੀਰ ਸਾਫ਼ ਨਜ਼ਰ ਪੈਂਦੀ ਹੈ। ਮਾਝਾ ਕਿਉਂ ਜੋ ਪੰਜਾਬ ਦਾ ਕੇਂਦਰ-ਬਿੰਦੂ ਹੈ, ਇਸ ਤਰ੍ਹਾਂ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਉਣ ਪੰਜਾਬ ਦੀ ਨੁਹਾਰ ਪੇਸ਼ ਕਰਦੇ ਹਨ। ਮੁੱਖ ਤੌਰ ਤੇ ਇਹ ਗਉਣ ਬ੍ਰਿਤਾਂਤਕ ਹਨ। ਕਿਧਰੇ ਇਤਿਹਾਸਕ ਸੰਕੇਤ ਵੀ ਪ੍ਰਾਪਤ ਹਨ। ਪਰੰਤੂ ਮੂਲ ਸੁਰ ਰੋਮਾਂਟਿਕ ਹੈ। ਪੰਜਾਬੀਆਂ ਦੇ ਦਿਲਾਂ ਦੀਆਂ ਸਿੱਕਾਂ, ਸਧਰਾਂ, ਹਾਵਾਂ, ਭਾਵਾਂ ਅਤੇ ਜਜ਼ਬਿਆਂ ਦੀ ਪੂਰੀ ਤਰ੍ਹਾਂ ਤਰਜਮਾਨੀ ਕਰਦੇ ਹਨ। ਇਹ ਗਉਣ ਉਸ ਪੰਜਾਬ ਦੀ ਝਾਕੀ ਪੇਸ਼ ਕਰਦੇ ਹਨ, ਜਿਸ ਲਈ ਪ੍ਰੋ. ਪੂਰਨ ਸਿੰਘ ਤਰਲੋ ਮੱਛੀ ਹੁੰਦਾ ਹੈ। ਜਿਹੜਾ ਪੰਜਾਬੀਆਂ ਦਾ ਸਾਂਝਾ ਪੰਜਾਬ ਸੀ ਅਤੇ ਜਿਹੜਾ ਧੀਰੇ ਧੀਰੇ ਗੁੰਮ ਹੁੰਦਾ ਜਾ ਰਿਹਾ। 'ਪੰਜਾਬੀ ਲੋਕਯਾਨ' ਤੋਂ ਪਿਛੋਂ 'ਦਿਲ ਦੀਆਂ ਬਾਤੀਂ' ਲੋਕਯਾਨ ਦੇ ਖੇਤਰ ਵਿਚ ਡਾ. ਇਕਬਾਲ ਕੌਰ ਦੀ ਇਕ ਹੋਰ ਵੱਡਮੁੱਲੀ ਦੇਣ ਹੈ, ਜਿਸ ਲਈ ਉਹ ਸਾਡੀ ਮੁਬਾਰਕ ਦਾ ਹੱਕਦਾਰ ਹੈ। ਜਿਸ ਗੰਭੀਰਤਾ ਨਾਲ ਲੇਖਕਾ ਨੇ ਲੋਕਯਾਨ ਦੇ ਖੇਤਰ ਨਾਲ ਆਪਣੀ ਦਿਲਚਸਪੀ ਵਖਾਈ ਹੈ, ਭਵਿਖ ਵਿਚ ਇਸ ਪਾਸੋਂ ਹੋਰ ਉਚੇਰੀਆਂ ਤੇ ਵਡੇਰੀਆਂ ਪ੍ਰਾਪਤੀਆਂ ਦੀ ਆਸ ਸਹਿਜੇ ਕੀਤੀ ਜਾ ਸਕਦੀ ਹੈ।

ਕਰਨੈਲ ਸਿੰਘ ਥਿੰਦ (ਡਾ.)
ਡਾਇਰੈਕਟਰ ਪੰਜਾਬ ਸਟੇਟ ਯੂਨੀਵਰਸਿਟੀ
ਟੈਕਸਟ ਬੁੱਕ ਬੋਰਡ, ਚੰਡੀਗੜ੍ਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਤੇ ਕਿਤੇ ਵਣਜਾਰਾ ਮਿਲਦਾ :

ਮਾਝੇ ਦੇ ਲੋਕ ਗੀਤ ਪੜ੍ਹਨ ਤੋਂ ਖਹਿਲਾਂ ਸੁਰਜੀਤ ਹਾਂਸ ਵਰਗੇ ਵਿਦਵਾਨ ਨੂੰ ਬੇਸ਼ਕ ਗਲਤੀ ਲਗਦੀ ਹੋਵੇ ਕਿ 'ਮਾਝੇ 'ਚ ਲੋਕ ਗੀਤ ਹੁੰਦੇ ਹੀ ਨਹੀਂ' ਪਰ ਕੋਈ ਵੀ ਵਸਦਾ ਰਸਦਾ ਇਲਾਕਾ ਲੋਕ ਗੀਤਾਂ ਤੋਂ ਬਗੈਰ ਹੋ ਸਕਦਾ ਹੈ, ਇਹ ਸੋਚਣਾ ਹੀ ਕੁਫ਼ਰ ਹੈ। ਇਹ ਭਾਵੁਕ, ਕਾਵਿਕ ਪ੍ਰਵਚਨ ਨਹੀਂ ਮਨੁੱਖੀ ਕਿਰਤ ਦੀ ਹੋਣੀ ਉਸਦੇ ਲੋਕ ਗੀਤ ਦੀ ਹੋਣੀ ਤੋਂ ਬਿਨਾਂ ਵਿਚਾਰੀ ਹੀ ਨਹੀਂ ਜਾ ਸਕਦੀ ਅਤੇ ਇਹ ਅਤਿਕਥਨੀ ਨਹੀਂ। ਤੁਸੀਂ ਚੰਦ ਘੜੀਆਂ ਗੀਤਾਂ ਤੋਂ ਬਿਨਾ ਜੀ ਕੇ ਤਾਂ ਵੇਖੋ, ਜੀਵਿਆ ਜਾ ਸਕਦਾ ਹੈ ? ਅਤੇ ਜੇ ਗੀਤ ਹੈਨ ਤਾਂ ਇਸਦਾ ਧਰਾਤਲ ਹੈ ਲੋਕ ਗੀਤ ਅਤੇ ਮੈਂ ਇਸਦੀ ਠੁਲ੍ਹੀ ਜਿਹੀ ਪਰਿਭਾਸ਼ਾ ਬਣਾਉਂਦਾ ਹਾਂ ਕਿ 'ਲੋਕ ਗੀਤ' ਲੋਕ ਦੇ ਕਿਸੇ ਅਸਰ ਅੰਦਾਜ ਵਿਸ਼ੇਸ਼ ਸਮੂਹ ਵਿਚ ਪ੍ਰਚਲਿਤ ਤੇ ਪ੍ਰਵਾਣਤ ਉਹ ਸ਼ਬਦਾਂ ਦੀ ਗੀਤਮਈ ਤਰਤੀਬ ਹੈ ਜਿਸ ਨੂੰ ਇਸ ਸਮੂਹ ਦਾ ਹਰ ਪ੍ਰਾਣੀ ਅਵਚੇਤਨ ਵਿਚ ਆਪਣੀ ਰਚਨਾ ਹੋਵੇ। ਬਸ ਮੇਰੇ ਲਈ ਇਹੋ ਤੰਦ ਗੀਤ ਦੇ ਮੂਲ ਰੂਪ ਨੂੰ ਡੀਕੋਡ ਕਰਨ ਲਈ ਔਜ਼ਾਰ ਮੁਹੱਈਆ ਕਰਦਾ ਹੈ। ਲੋਕ ਗੀਤ ਦਾ ਗੀਤਕਾਰ ਗੀਤ ਬਣਾ ਲੈਂਦਾ ਹੈ ਪਰ ਅਗਲੀ ਯਾਤਰਾ ਵਿਚ ਰਚੇਤਾ ਉਸਦੇ ਨਾਲ ਨਹੀਂ ਤੁਰ ਸਕਦਾ ਹੈ। ਇਉਂ ਲੋਕ ਗੀਤ ਬੜਾ ਖੁਦਗਰਜ ਹੈ ਉਂਜ ਰਚੇਤਾ ਬਿਸ਼ਕ ਕਹਿੰਦਾ ਵੀ ਰਵੇ ਕਿ ਗੀਤ ਮੇਰਾ ਹੈ ਪਰ 'ਲੋਕ' ਇਸ ਗੱਲ ਨੂੰ ਨਾ ਮੰਨੇਗਾ, ਨਾ ਮੰਨਣਾ ਚਾਹੇਗਾ ਤੇ ਨਾ ਗੀਤ ਹੀ ਇਸ ਬਾਰੇ ਚਿੰਤਾਤੁਰ ਹੋਵੇਗਾ। ਲੋਕ ਗੀਤ ਸਿਰਫ ਲੋਕ-ਮਨ ਦੀਆਂ ਅਲਾਮਤਾਂ ਪ੍ਰਤਿ ਚਿੰਤਾਤੁਰ ਹੋਵੇਗਾ। ਪ੍ਰੰਤੂ ਲੋਕ-ਗੀਤ ਜ਼ਿਆਦਾ ਕਰਕੇ ਸਮਾਜ ਦੇ ਦਮਿਤ ਤਣਾਉ ਦੇ ਵਿਰੇਚਨ ਲਈ ਕੰਮ ਆਉਣ ਵਾਲੀ ਵਿਧਾ ਹੈ ਅਤੇ ਇਸੇ ਨੂੰ ਇਕ ਬੁਨਿਆਦੀ ਗੁਣ ਲੱਛਣ ਮੰਨਣਾ ਬਹੁਤੇ ਲੋਕ-ਗੀਤ ਸ਼ਾਸਤਰੀਆਂ ਨੇ ਆਪਣੀ ਸਮਝ ਦਾ ਹਿਸਾ ਵੀ ਬਣਾਇਆ ਹੈ। ਇਸੇ ਦਮਨ ਅਤੇ ਤਣਾਉ ਦੀ ਅਨੁਭੂਤੀ ਗੀਤ ਨੂੰ ਲੋਕ ਗੀਤ ਨਾਲੋਂ ਵੱਖਰਿਆਉਣ ਦੇ ਕੰਮ ਆ ਸਕਦੀ ਹੈ। ਲੋਕ ਗੀਤ ਦੀ ਇਹ ਅਕਰਮਕ ਸੰਰਚਨਾ ਹੀ ਇਸ ਨੂੰ ਨਿਜ ਨਾਲੋਂ ਤੋੜਦੀ ਵੀ ਹੈ ਅਤੇ ਤਹਿ-ਦਰ-ਤਹਿ ਡੀਕੋਟਿੰਗ ਲਈ ਵਿਵੇਕ ਸਬਲ ਵੀ ਮੁਹੱਈਆ ਕਰਦੀ ਹੈ। ਮੈਨੂੰ ਬਹੁਤੇ ਗੀਤਾਂ ਦਾ ਪ੍ਰਬੰਧ ਖੁਲ੍ਹੀ ਬਣਤਰ ਵਾਲਾ ਨਜ਼ਰ ਆਉਂਦਾ ਹੈ ਜਿਸ ਵਿਚ ਵਿਸਥਾਰ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁੰਜਾਇਸ਼ ਹੈ ਚਾਹੇ ਕਿ ਕੁਝ ਗੀਤਾਂ ਦੀ ਬਣਤਰ ਗੋਲਾਕਾਰੀ ਵੀ ਨਜ਼ਰ ਆਉਂਦੀ ਹੈ ਬੇਸ਼ੱਕ ਇਸ ਆਕਾਰ ਦਾ ਵਿਵੇਕ ਵੀ ਖੁਲ੍ਹੀ ਬਣਤਰ ਦਾ ਵਿਵੇਕ ਹੀ ਜਾਪਣ ਲਗ ਪੈਂਦਾ ਹੈ। ਇਸ ਵਿਚੋਂ ਬਹੁਤਾ ਕੁਝ ਤਾਂ ਅਸੀਂ ਦਿਲ ਦੀਆਂ ਬਾਤੀਂ ਵਿਚੋਂ ਹੀ ਵੇਖ ਸਕਦੇ ਹਾਂ ਜਾਂ ਇਸੇ ਨੂੰ ਆਪਣੀਆਂ ਧਾਰਨਾਵਾਂ ਨੂੰ ਪੱਕਿਆਂ ਕਰਨ ਹਿਤ ਵਰਤ ਰਹੇ ਹਾਂ। ਇਹ ਸਭ ਕੁਝ ਅੰਗਰੇਜ਼ਾਂ ਨੇ ਭਾਵੇਂ ਆਪਣੀ ਲੋੜ ਲਈ ਇਕੱਤ੍ਰ ਕੀਤਾ ਸੀ, ਭਾਵੇਂ ਕਿਸੇ ਵਿਦਿਅਕ ਖੋਜ ਲਈ ਕੋਈ ਵਸੀਲਾ ਬਣਾਇਆ, ਅਸੀਂ ਅਜੇ ਤਕ ਇਸ ਇਤਿਹਾਸਕ ਤਰਕ ਨੂੰ ਸਮਝਣ ਦੇ ਕਾਬਲ ਨਹੀਂ ਹੋਏ। ਟੈਂਪਲ (1884) ਤੋਂ ਵੀ ਪਹਿਲਾਂ ਮੈਂਰਸ਼ ਇਲੀਅਟ ਚੀਫ ਸਕੱਤਰ ਲੇ ਅੰਬਾਲਾ ਦੇ ਲਾਇਕ ਤੇ ਸੁਯੋਗ ਡਿਪਟੀ ਕੋਲੈਟਰ ਰਾਏ ਕਾਲੀ (ਪੰਜਾਬ ਦੀ ਸੈਰ, ਪੰਨਾ XV) ਦੀ 18 ਜਨਵਰੀ 1847 ਦੀ ਇਕ ਚਿੱਠੀ ਵਿਚ ਲਿਖਿਆ ਹੈ। ਤੁਹਾਨੂੰ ਚਾਹੀਦਾ ਹੈ ਕਿ ਜਦ ਵੀ ਤੁਹਾਨੂੰ ਸਰਕਾਰੀ ਕੰਮਾਂ ਤੋਂ ਵਿਹਲ ਮਿਲੇ। ਉਨ੍ਹਾਂ ਗੱਲਾਂ ਦੀ ਹੋਰ ਖੋਜ ਕਰੋ, ਜਿਨ੍ਹਾਂ ਨੂੰ ਤੁਸੀਂ ਸਮਝਿਆ ਹੈ ਅਤੇ ਜੋ ਤੁਹਾਡੇ ਮਨ ਦੇ ਅੰਦਰ ਲੁਕੀਆਂ ਪਈਆਂ ਹਨ। ਤੁਸੀਂ ਇਨ੍ਹਾਂ ਸਮਾਚਾਰਾਂ ਦੀ ਬਰੀਕੀ ਤਕ ਪੁਜਣ ਦਾ ਯਤਨ ਕਰੋ ਕਿਉਂਕਿ ਇਹੋ ਜੇਹੀ ਖੋਜ ਨਵੀਆਂ ਪੈਦਾ ਹੋਈਆਂ ਅਸਲੀਅਤਾਂ ਤੇ ਸਮਾਚਾਰਾਂ ਦੀ ਵਿਆਖਿਆ ਦਾ ਕਾਰਨ ਬਣਦੀ ਹੈ ਤੇ ਨਾਲ ਹੀ ਉਨ੍ਹਾਂ ਨੂੰ ਹੋਰ ਵਿਸ਼ਾਲ ਬਣਾਂਦੀ ਹੈ। ਸੱਚ ਤਾਂ ਇਹ ਹੈ ਕਿ ਇਹੋ ਜੇਹੀ ਖੋਜ ਤੇ ਆਲੋਚਨਾ ਪੜਨ-ਸੁਣਨ ਵਾਲਿਆਂ ਦੀ ਬੁੱਧੀ ਤੇ ਦ੍ਰਿਸ਼ਟੀ ਨੂੰ ਵਿਸ਼ਾਲ ਬਣਾਨ ਅਤੇ ਖੋਜੀਆਂ ਲਿਖਾਰੀਆਂ ਦੀ ਅਗਵਾਈ ਕਰਨ ਦੇ ਕਾਰਣ ਬਣਦੀ ਹੈ? ਇਨ੍ਹਾਂ ਅਫ਼ਸਰ-ਨੁਮਾ ਵੱਡੇ ਲੋਕਾਂ ਦਾ ਇਸ ਸਭ ਕੁਝ ਲਈ ਇਕ ਵਿਸ਼ੇਸ਼ ਮੰਤਵ ਬਿਸ਼ਕ ਹੈ ਸੀ ਪਰੰਤੂ ਇਨ੍ਹਾਂ ਦੀ ਅਨਾਤਮ ਦ੍ਰਿਸ਼ਟੀ ਤੋਂ ਪਰਦੇਸੀ ਨਹੀਂ ਹੋਇਆ ਜਾ ਸਕਦਾ। ਇਸ ਪਾਸੇ ਵੀਂਹਵੀ ਸਦੀ ਦੇਵਿੰਦਰ ਸਤਿਆਰਥੀ ਤੋਂ ਸ਼ੁਰੂ ਹੋ ਕੇ ਉਸ ਪੀੜ੍ਹੀ ਦੇ ਬਹੁਤੇ ਸਿਆਣਿਆਂ ਨੇ ਲੋਕ ਗੀਤ ਇਕੱਠੇ ਕਰਨ ਦਾ ਕੰਮ ਕੀਤਾ ਤਾਂ ਬੜੀ ਲੋੜ ਅਨੁਸਾਰ ਠੀਕ ਸਮੇਂ ਸਿਰ ਪਰ ਉਹ ਕਈ ਗਲੋਂ ਖੁੰਝ ਜਾਂਦੇ ਰਹੇ ਜਿਸ ਵਿਚ ਸਭ ਤੋਂ ਵੱਡੀ ਲੋੜ ਹੁੰਦੀ ਕਿ ਗੀਤ ਦੀ ਪ੍ਰਾਪਤੀ ਦੇ ਸਥਾਨ ਬਾਰੇ ਕੋਈ ਅਤਾ ਪਤਾ ਨਾ ਲਗਦਾ। ਇਹ ਲੋਕ ਗੀਤ ਦੀ ਲੋਕ ਸਾਮਗਰੀ ਲਈ ਇਹ ਇਕ ਜ਼ਰੂਰੀ ਔਜ਼ਾਰ ਬਣ ਜਾਂਦਾ ਹੈ, ਵਿਸ਼ੇਸ਼ ਕਰਕੇ ਜੇ ਲੋਕ ਗੀਤ ਦੇ ਸਮਾਜ ਵਿਗਿਆਨੀ ਸਰੋਕਾਰਾਂ ਦੀ ਕੋਈ ਥਾਹ ਪਾਉਣੀ ਹੋਵੇ। ਇਸ ਬਾਰੇ ਜਦੋਂ ਤੋਂ ਪਾੜ੍ਹਾ ਤਬਕਾ ਇਸ ਬਾਰੇ ਫਿਕਰਮੰਦ ਹੋਇਆ ਹੈ ਇਸ ਪਾਸੇ ਧਿਆਨ ਦਿਤਾ ਜਾਣ ਲਗ ਪਿਆ ਹੈ ਅਤੇ ਟੇਪ ਰਿਕਾਰਡਰਾਂ ਦੀਆਂ ਸਹੂਲਤਾਂ ਨੇ ਇਸ ਸੰਬੰਧੀ ਵਕਤ ਅਤੇ ਕਈ ਹੋਰ ਸੰਕਟਾਂ ਤੋਂ ਸੁਖਲਿਆਂ ਕਰ ਦਿਤਾ ਹੈ। ਇਸ ਦੇ ਬਾਵਜੂਦ ਵੀ ਕੰਮ ਕਰਨ ਵਾਲੇ ਬਹੁਤੇ ਨਹੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਸਥਾਪਨਾ ਹੋਇਆਂ ਨੂੰ ਵੀਹ ਸਾਲ ਟੱਪ ਗਏ ਨੇ ਅਤੇ ਹਾਲਾਤ ਇਹ ਹਨ ਕਿ ਕੁਲਵੰਤ ਸਿੰਘ ਔਲਖ ਦੀ ਪਹਿਲੀ ਪੁਸਤਕ 'ਮਾਝੇ ਦੇ ਲੋਕ ਗੀਤ' ਪੰਜ ਸਾਲ ਪ੍ਰੋਫੈਸਰਾਂ ਦੇ ਟੇਬਲਾਂ ਤੇ ਰੁਲਦੀ ਰਹੀ ਅਤੇ ਛਪਣ ਲਈ ਉਸ ਨੂੰ ਫਿਰ ਕਿਸੇ ਪ੍ਰਕਾਸ਼ਕ ਦਾ ਤਰਲਾ ਮਿੰਨਤ ਕਰਨੀ ਪਈ, ਉਹ ਵੀ ਜੇਬ ਵਿਚੋਂ ਪੈਸੇ ਖਰਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਕੇ। ਡਾ. ਇਕਬਾਲ ਕੌਰ ਸੌਂਦ ਇਸ ਗਲੋਂ ਬੜੀ ਸੌਖੀ ਹੈ ਉਸ ਨੂੰ ਪ੍ਰਕਾਸ਼ਕ ਵੀ ਸੌਖਿਆਂ ਮਿਲ ਗਿਆ ਅਤੇ ਯੂਨੀਵਰਸਿਟੀ ਦੇ ਗੇੜ ਵਿਚ ਵੀ ਨਹੀਂ ਪੈਣਾ ਪਿਆ। ਉਂਜ ਉਸ ਦੀ ਜਿੱਕੇ ਬੰਦ ਪੁਸਤਕ 'ਦਿਲ ਦੀਆਂ ਬਾਤੀਂ' ਛਾਪਣ ਤੋਂ ਬਾਅਦ ਕੋਈ ਵੀ ਵੱਡੀ ਸੰਸਥਾ ਗਰਬ ਕਰ ਸਕਦੀ ਸੀ। ਸ਼ਾਇਦ ਪਹਿਲੀ ਵਾਰ ਇਸ ਪੁਸਤਕ ਵਿਚ ਸਾਰੇ ਦੇ ਸਾਰੇ (85) ਗੀਤਾਂ ਦੀ ਸੁਰ ਲਿਪੀ ਵੀ ਦਿਤੀ ਗਈ ਹੈ। ਇਸ ਨਾਲ ਗੀਤ ਨੂੰ ਭਾਸ਼ਾ-ਮੁਕਤ ਕਰਾ ਕੇ ਵਿਸ਼ਵ ਦਰਸਨ ਦਾ ਅੰਗ ਬਣਾਇਆ ਜਾ ਸਕਿਆ ਹੈ। ਇਉਂ ਮਾਝੇ ਦੇ ਲੋਕ ਗੀਤਾਂ ਦੀ ਸੁਰ-ਪਰੰਪਰਾ ਨਾਲ ਪ੍ਰੀਚਿਤ ਵੀ ਕਰਵਾਇਆ ਜਾ ਸਕੇਗਾ ਅਤੇ ਇਸ ਦੇ ਸੰਸਾਰ ਦੇ ਸੁਰ-ਪ੍ਰਬੰਧ ਦੇ ਤੁਲਨਾਤਮਕ ਆਲੋਚਨਾਤਮਕ ਵਤੀਰੇ ਦੀ ਗੱਲ ਵੀ ਕੀਤੀ ਜਾ ਸਕੇਗੀ। ਜਦੋਂ ਕੱਲ੍ਹ ਨੂੰ ਸਾਡੇ ਲੋਕ ਗੀਤਾਂ ਦੀ ਸਿਰਫ ਟੈਕਸਟ ਬਚ ਰਵੇਗੀ। ਇਸ ਸੁਰ ਪ੍ਰਬੰਧ ਤੋਂ ਬਗ਼ੈਰ ਅਸੀਂ ਇਸ ਦਾ ਅੱਧਾ ਸਰਮਾਇਆ ਗੁਆ ਚੁੱਕੇ ਹੋਵਾਂਗੇ। ਪ੍ਰੰਤੂ ਕੁਲਵੰਤ ਸਿੰਘ ਔਲਖ ਅਤੇ ਇਸ ਤੋਂ ਵਧ ਕੇ ਡਾ. ਇਕਬਾਲ ਕੌਰ ਸੌਂਦ ਦੇ ਲੋਕ ਗੀਤਾਂ ਬਾਰੇ ਕੰਮ ਕਰਨ ਵਾਲੇ ਲੋਕ ਰਿਣੀ ਹੋਣਗੇ। ਜਦੋਂ ਲੋਕ ਗੀਤਾਂ ਦੀਆਂ ਕਿਤਾਬਾਂ ਛਪਦੀਆ ਨੇ ਤਾਂ ਤਕਰੀਬਨ ਤਕਰੀਬਨ ਆਦਿਕਾ/ਮੁਖਬੰਦ ਪਹਿਲਾਂ ਹੁੰਦੇ ਹੀ ਹਨ, ਪ੍ਰੰਤੂ ਇਸ ਮੁਖਬੰਧ ਵਿਚ ਕਈ ਮੁੱਦੇ ਛੇੜੇ ਗਏ ਹਨ ਜਿਹੜੇ ਕਈ ਚਿਰਾਂ ਤੱਕ ਸੋਚ ਵਿਚ ਰ ਕੇ ਆਧਾਰ/ਵਿਸਥਾਰ ਬਣਦੇ ਰਹਿਣਗੇ। ਇਉਂ ਲੋਕ ਗੀਤ ਇਕੱਤ੍ਰ ਕਰਨ ਲਈ ਅਤੇ ਅਧਿਐਨ ਲਈ ਇਹਪੁਸਤਕ ਅਲਹਿਦਾ ਕੱਦਾਵਰ ਸਾਮਾਨ ਮੁਹਈਆ ਕਰਦੀ ਹੈ ਵਿਸ਼ੇਸ਼ ਕਰਕੇ ਜਦੋਂ 1984 ਤੋਂ ਬ ਅਦ ਦੇ ਅੰਮ੍ਰਿਤਸਰ ਦੇ ਪਿੰਡਾਂ ਵਿਚ ਜਾਣਾ ਪੈਣਾ ਹੋਵੇ ਤਾਂ ਜਾਣ ਵਾਲਾ ਹੀ ਜਾਣਦਾ ਹੈ ਕਿ ਕੀ ਧੁੜਕੂ ਮਨ ਵਿਚ ਲੈ ਕੇ ਜਾਣਾ ਪੈਂਦਾ ਹੈ। ਫਿਰ ਇਸ ਵਿਚ ਸਾਰੇ ਲੰਮੇ ਗਾਉਣ ਲਏ ਗਏ ਹਨ। ਅਸੀਂ ਪੰਜਾਬ ਦੇ ਆਦਮੀਆਂ ਅਤੇ ਔਰਤਾਂ ਵਿਚ ਇਕ ਵਖਰੇਵਾਂ ਦੇਖਦੇ ਹਾਂ ਅਤੇ ਉਹ ਇਹ ਕਿ ਔਰਤਾਂ ਜੁੜਕੇ ਲੋਕ ਗੀਤ ਗਾਉਣਗੀਆਂ, ਕੱਲੀ ਕੱਲੀ ਔਰਤ ਗੀਤ ਅਕਸਰ ਨਹੀਂ ਗਾਉਂਦੀ। ਇਸ ਸਾਰੀ ਮਾਨਸਿਕਤਾ ਪਿਛੇ ਆਧਾਰ ਇਹ ਹੈ ਕਿ ਪੰਜਾਬ ਦੀਆਂ ਔਰਤਾਂ ਲੋਕ ਗੀਤ ਵਰਗੀ ਔਖੀਂ ਜਿੰਮੇਵਾਰੀ ਇਕੱਲੀ ਇਕੱਲੀ ਨਹੀਂ ਨਿਭਾ ਸਕਦੀ। ਜਦੋਂ ਘੜੀਆਂ ਦਾ ਵਿਸਾਹ ਨਾ ਰਿਹਾ ਹੋਵੇ ਉਦੋਂ ਲੰਮੇ ਗਾਉਣਾਂ ਲਈ ਵਕਤ ਕੱਢ ਕਢਾ ਕੇ ਮਾਝੇ ਦੀਆਂ ਔਰਤਾਂ ਕੋਲੋਂ ਬਹੁਤ ਤੇਜੀ ਨਾਲ ਗੁਆਚ ਰਹੇ ਸਰਮਾਏ ਨੂੰ ਸੰਪੂਰਨ ਰੂਪ ਵਿਚ ਸੁਰਖਿਅਤ ਕਰ ਦੇਣਾ ਡਾਕਟਰ ਸੌਂਦ ਲਈ ਸੌਖਾ ਅਤੇ ਤੱਤ ਕਾਲੀ ਵਿਸ਼ੇਸ਼ਣ ਹੈ 'ਸ਼ਾਬਾਸ਼'

ਸ਼ਹਰਯਾਰ (ਡਾ.)
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖ-ਬੰਧ

'ਦਿਲ ਦੀਆਂ ਬਾਤੀ' ਪੁਸਤਕ ਖੇਤਰੀ ਕਾਰਜ ਦੁਆਰਾ ਇਕਤ੍ਰਿਤ 85 ਲੋਕ ਗੀਤਾਂ (ਗਉਣਾਂ) ਦਾ ਸੰਕਲਨ ਹੈ। ਪੁਸਤਕ ਦੇ ਪਿਛਲੇ ਭਾਗ ਵਿਚ ਇਨ੍ਹਾਂ ਸਾਰੇ ਲੋਕ ਗੀਤਾਂ ਦੀ ਸ੍ਵਰ ਲਿੱਪੀ ਅੰਕਿਤ ਕੀਤੀ ਗਈ ਹੈ। ਪੰਜਾਬੀ ਸਭਿਆਚਾਰ ਦੀ ਲੋਕ ਪਰੰਪਰਾ, ਲੋਕਯਾਨ ਦੇ ਖੇਤਰ ਵਿਚ, ਲੋਕ ਕਾਵਿ, ਲੋਕ ਬਿਰਤਾਂਤ, ਲੋਕ ਵਿਸ਼ਵਾਸ਼ ਅਤੇ ਲੋਕ ਕਲਾ-ਜਗਤ ਵਿਚ ਪਹਿਲੀ ਪੀੜ੍ਹੀ ਦੇ ਵਿਦਵਾਨਾਂ ਦੇ ਕੰਮ ਅਤੇ ਪਿਛਲੇ ਕੁਝ ਸਮੇਂ ਤੋਂ ਵਖ਼ ਵਖ ਅਧਿਏਤਾਵਾਂ ਅਤੇ ਸੰਕਲਨ ਕਰਤਾਵਾਂ ਵਲੋਂ ਪੁਸਤਕਾਂ ਦੀ ਪ੍ਰਕਾਸ਼ਨਾ ਮਹਿਜ਼ ਇਕ ਰੁਝਾਨ ਨਹੀਂ ਮੰਨਿਆ ਜਾ ਸਕਦਾ। ਵੱਖ ਵੱਖ ਪੱਧਰ ਦੇ ਇਸ ਸਮੁੱਚੇ ਕਾਰਜ ਦੇ ਪਿਛੋਕੜ ਵਿਚ ਸੰਸਕ੍ਰਿਤੀ ਵਿਸ਼ੇਸ਼ ਦੇ ਅਧਿਐਨ ਲਈ ਲੋਕਯਾਨਿਕ ਸਾਮਗ੍ਰੀ ਦ ਅਧਿਐਨ ਦੀ ਮਹੱਤਾ ਦੀ ਪਛਾਣ ਦੀ ਚੇਤਨਾ ਕਾਰਜਸ਼ੀਲ ਹੈ। ਇਸ ਸਥਿਤੀ ਦੇ ਅੰਤਰਗਤ ਸਨਅਤੀਕਰਣ ਦੇ ਵੱਧ ਰਹੇ ਪ੍ਰਭਾਵਾਂ ਕਾਰਣ ਤੇਜ਼ੀ ਨਾਲ ਬਦਲ ਰਹੀਆਂ ਪਰਿਸ-ਥਿਤੀਆਂ ਵਿਚ ਅਧਿਆਏਤਾਵਾਂ ਦਾ ਇਸ ਸਮਗਰੀ ਨੂੰ ਸੁਰਖਿਅਤ ਕਰਨ ਅਤੇ ਇਸ ਦੇ ਅਧਿਐਨ ਵਲ ਰੁਚਿਤ ਹੋਣਾ ਸੁਭਾਵਕ ਹੈ।

ਹਥਲੀ ਪੁਸਤਕ ਵਿਚ ਲੋਕ ਗੀਤਾਂ ਸੰਬੰਧੀ ਖੋਜ ਅਤੇ ਵਿਸ਼ਲੇਸ਼ਣ ਮਾਝੇ ਦੇ ਲੋਕ ਗੀਤਾਂ ਦੀ ਪਰਮੁੱਖ ਵਿਸ਼ਾ (genre) ਗਉਣਾ ਉਤੇ ਕੇਂਦਰਿਤ ਹੈ। ਇਸ ਵਿਧਾ ਦੇ ਗੀਤਾਂ ਅਤੇ ਮਾਝੇ, ਮਾਲਵੇ, ਦੁਆਬੇ ਦੇ ਲੰਮੇ ਗੀਤਾਂ ਘੋੜੀਆਂ, ਸੁਹਾਗਾਂ ਅਤੇ ਵਧਾਵਿਆਂ ਵਿਚ ਭਿੰਨਤਾ ਹੈ ਪਰੰਤੂ ਮਾਲਵੇ ਖ਼ੇਤਰ ਦੇ ਝੇੜੇ ਅਤੇ ਬਿਰਹੜੇ ਗੀਤ ਰੂਪ ਵਿਧਾਵਾਂ ਨਾਲ ਵਸਤੂ ਦੀ ਪੱਧਰ ਤੇ ਨਿਕਟਤਾ ਹੈ। ਘੋੜੀਆਂ, ਸੁਹਾਗ ਅਤੇ ਵਧਾਵੇ ਮੁਖ ਰੂਪ ਵਿਚ ਅਨੁਸ਼ਠਾਨਿਕ ਗੀਤ ਹਨ ਜਦ ਕਿ ਗਉਣਾ ਦੀ ਵਸਤੂ ਦਾ ਸੰਬੰਧ ਇਸਤ੍ਰੀ ਮਰਦ ਦੇ ਪ੍ਰਕਿਰਤਕ, ਪਰਿਵਾਰਕ ਅਤੇ ਸਭਿਆਚਾਰਕ ਰਿਸ਼ਤਿਆਂ ਵਿਚ ਵਿਆਪਤ ਸੰਕਟ, ਵਿਸ਼ੇਸ਼ ਰੂਪ ਵਿਚ ਇਸਤ੍ਰੀ ਵਰਗ ਦੀ ਦੁਖਦ ਮਾਨਸਿਕਤਾ ਦੇ ਨਿਰੋਲ ਲੌਕਿਕ ਖੇਤਰ ਨਾਲ ਹੈ। ਮਾਝੇ ਦੇ ਗਉਣਾਂ ਦੇ ਅਧਿਐਨ ਉਪ੍ਰੰਤ ਸਪਸ਼ਟ ਹੈ ਕਿ ਗਾਉਣ, ਰੂਪ ਰਚਨਾ, ਪੇਸ਼ਕਾਰੀ ਵਿਧੀ ਅਤੇ ਨਿਭਾਉ ਸੰਦਰਭ ਦੀ ਦ੍ਰਿਸ਼ਟੀ ਤੋਂ ਲੰਮੇ ਗੀਤਾਂ ਦੇ ਖੇਤਰ ਵਿਚ ਇਕ ਸੁਤੰਤਰ ਲੋਕ ਗੀਤ ਵਿਧਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਝੇ ਵਿਚ ਪ੍ਰਚਲਿਤ ਗਉਣ 'ਨੌਂਹ ਦਾ ਚੱਕ' ਜਿਸਦੇ ਵਿਭਿੰਨ ਰੂਪਾਂਤਰ ਅਤੇ ਪਾਠਾਂਤਰ ਪ੍ਰਾਪਤ ਹੋਏ ਹਨ ਵਿਚ ਮੂਲ ਪਾਠ ਦੀ ਪੱਧਰ ਤੇ ਲੋਕ ਵਿਸ਼ਵਾਸ ਦੇ ਅੰਤਰਗਤ ਖੂਹ ਪੁੱਟਣ/ਲਵਾਉਣ ਸਮੇਂ ਨੂੰਹ ਦੀ ਬਲੀ ਦੇਣ ਦੀ ਰਹੁ-ਰੀਤ ਦੇ ਵੇਰਵੇ ਅੰਕਿਤ ਹਨ, ਨੂੰ ਵੀ ਅਨੁਸ਼ਠਾਨਿਕ ਗੀਤ ਪ੍ਰਵਾਨ ਕਰਨਾ ਉਚਿਤ ਨਹੀਂ । ਇਨ੍ਹਾਂ ਗੀਤ ਰਚਨਾਵਾਂ ਵਿਚ ਲੋਕ ਗੀਤਕਾਰ ਨੇ ਕਥਾ ਨੂੰ ਕਿਸੇ ਵੀ ਪੱਧਰ ਤੇ ਲੋਕ ਧਰਮ ਦੇ ਪ੍ਰਕਾਰਜ ਨਾਲ ਨਹੀਂ ਜੋੜਿਆ ਸਗੋਂ ਇਸ ਗੀਤ ਦੀ ਸਿਰਜਕ ਇਸਤ੍ਰੀ/ਇਸਤ੍ਰੀ ਸਮੂਹ ਨੇ ਪਰੰਪਰਾ ਵਿਚ ਪਈ ਇਸ ਆਦਿਮ ਰੀਤ ਦੀ ਦੀ ਘਟਨਾ ਦੇ ਬਿਰਤਾਂਤ ਨੂੰ ਨਾਟਕੀ ਜੁਗਤ ਰਾਹੀਂ ਪ੍ਰਸਤੁਤ ਕਰਕੇ ਵਿਆਹੁਤਾ ਮੁਟਿਆਰ ਨੂੰ ਜੋਬਨ ਰੁਤ ਵਿਚ ਰੂਹ ਦੇ ਰੱਜ ਭਾਵ ਕਾਮੁਕ ਬਿਰਤੀ ਦੀ ਤ੍ਰਿਪਤੀ ਤੋਂ ਵੰਚਿਤ ਕਰਨ ਦੇ ਕੁਕਰਮ ਲਈ ਸਿਰਜਿਤ "ਮੈਂ" ਦੁਆਰਾ ਸੰਬੋਧਿਤ ਹੋ ਕੇ ਹਲੂਣਿਆ ਹੈ ।

ਮੈਨੂੰ ਆਸਿਉਂ ਵੀ ਚਿਣਿਉਂ ਪਾਸਿਉਂ ਵੀ ਚਿਣਿਉਂ
ਮੇਰੇ ਸਾਲੂ ਨੂੰ ਦਾਗ ਨਾ ਲਾਇਓ ਅੜਿਓ ।

(ਮਾਝੇ ਦੇ ਲੋਕ ਗੀਤ, ਪੰਨਾ 150)

ਗਾਉਣ ਸਮਾਜਿਕ ਵਿਕਾਸ ਦੇ ਕਬੀਲਾਗਤ ਸਮਾਜ ਤੋਂ ਅਗਲੇਰੇ ਪੜਾਵਾਂ ਦੇ ਮਗਰਲੇ ਸਮੇਂ ਸਾਮੰਤੀ ਪ੍ਰਬੰਧ ਦੀ ਉਪਜ ਹਨ ਜਦ ਇਸਤ੍ਰੀ ਵਰਗ ਦੀ ਇਸ ਰਹੁ-ਰੀਤ ਦੀ ਪੂਰਤੀ ਲਈ ਸ੍ਵਕ੍ਰਿਤੀ ਨਹੀਂ ਸਗੋਂ ਵਿਆਪਕ ਪੱਧਰ ਤੇ ਇਸ ਪ੍ਰਥਾ ਪ੍ਰਤਿ ਰੋਸ ਪ੍ਰਗਟ ਕਰਨ ਦੀ ਚੇਤਨਾ ਉਤਪੰਨ ਹੋ ਚੁੱਕੀ ਹੈ

ਸੁਣਿਉਂ ਸੁਣਿਉਂ ਵੇ ਪਿੰਡ ਦਿਉ ਰਾਹੀਓ
ਇਸ ਖੂਹੀ ਦਾ ਨੀਰ ਨਾ ਪੀਵਣਾ ਜੇ ।

(ਮਾਝੇ ਦੇ ਲੋਕ ਗੀਤ, ਪੰਨਾ 158)

ਗਾਉਣਾ ਵਿਚ ਰੁੱਖ ਬੂਟੇ ਦੈਵੀ (godly) ਪ੍ਰਕਿਰਤੀ ਲੈ ਕੇ ਸ਼ਾਮਲ ਨਹੀਂ ਹੁੰਦੇ । ਪਿੱਪਲ ਪੂਜਯ ਵਸਤੂ ਸਥਾਪਤ ਨਹੀਂ ਹੁੰਦੀ । ਜੰਡ ਕਰੀਰ ਭੈਅ ਯੁਕਤ ਨਹੀਂ । ਰੁੱਖਾਂ ਦੀ ਫੁਵਾਅ ਦੀ ਰੁੱਤ, ਗੁਲਾਨਾਰੀ ਫੁਲਾਂ ਦਾ ਖਿੜਾਅ ਅਤੇ ਟਾਹਣੀਆਂ ਦੀ ਝੁਰ-ਮਟਤਾ ਦੀ ਸਥਿਤੀ ਜੋਬਨਵੰਤੀ ਬਿਰਹਨ ਨਾਰ ਦੇ ਪਰਦੇਸੀ ਕੰਤ ਦੇ ਲੰਮੇ ਵਿਛੋੜੇ ਤੋਂ ਉਪਜੇ ਦੁੱਖ ਅਤੇ ਦ੍ਰਵਿਤ ਜਜ਼ਬਿਆਂ ਦੀ ਅਭਿਵਿਅਕਤੀ ਲਈ ਨੇੜੇ ਦੀ ਧਿਰ ਬਣਦੀ ਹੈ ਪਰੰਤੂ ਇਸ ਵਿਧਾ ਦੇ ਗੀਤਾਂ ਨੂੰ ਕੇਵਲ ਪਿਆਰ ਅਤੇ ਵਿਛੋੜੇ ਦੇ ਗੀਤ ਨਿਸਚਿਤ ਕਰਨਾ ਸਤਹੀ ਪੱਧਰ ਦਾ ਅਧਿਐਨ ਹੋਵੇਗਾ । ਮਾਝੇ ਦੇ ਇਹ ਗੀਤ ਇਸਤ੍ਰੀ ਮਰਦ ਦੇ ਪ੍ਰਕਿਰਤਕ ਰਿਸ਼ਤੇ ਨੂੰ ਨੇਮਬੱਧ ਕਰਨ ਲਈ ਸਿਰਜੇ ਵਿਆਹ ਪ੍ਰਬੰਧ ਦੀ ਮਰਯਾਦਾ ਦੀ ਸਥਿਤੀ ਤੋਂ ਉਪਜਣ ਵਾਲੇ ਨਾਂਹਵਾਚੀ ਪੱਖਾਂ, ਮਰਦ ਸਮਾਜ ਦਾ ਹਾਣ-ਮੇਚ ਅਤੇ ਪਸੰਦ ਵਲ ਪਿੱਠ ਕਰਕੇ ਵਰ ਦੀ ਚੋਣ ਦੇ ਅਧਿਕਾਰ ਦੀ ਵਰਤੋਂ ਦਾ ਵਤੀਰਾ, ਬਾਲ ਵਿਆਹ ਦੀ ਪ੍ਰਥਾ, ਸੌਂਕਣ ਦੀ ਹੋਂਦ, ਸੰਯੁਕਤ ਪਰਿਵਾਰ ਦਾ ਸੰਗਠਨ, ਮਰਦ ਵਰਗ ਦੇ ਹਿਤਾਂ ਦੀ ਤਰਫ਼ਦਾਰੀ ਕਰਨ ਵਾਲੀਆਂ ਕਦਰਾਂ ਕੀਮਤਾਂ ਦੀ ਮਰਯਾਦਾ ਅਤੇ ਵਰਜਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(taboo) ਦੇ ਵਿਆਪਕ ਖੇਤਰ ਨਾਲ ਤੁਆਰਫ ਕਰਾਉਣ ਲਈ ਪ੍ਰਮਾਣਿਕ ਦਸਤਾਵੇਜ਼ ਸਿਧ ਹੁੰਦੇ ਹਨ। ਵਿਆਹੁਤਾ ਜੁਆਨ ਇਸਤ੍ਰੀਆਂ ਦੀ ਸਿਰਜਨਾ ਮਾਝੇ ਦੇ ਗਾਉਣਾਂ ਵਿਚ ਨੱਢੀਆਂ, ਗਭਰੂਆਂ ਤੇ ਮਰਦਾਂ ਦੀਆਂ ਨਾਚ ਬੋਲੀਆਂ ਦੀ ਵਿਅੰਗਾਤਮਕ ਜੁਗਤ ਅਤੇ ਨਿੱਕੀਆਂ ਬਾਲੜੀਆਂ ਅਤੇ ਪ੍ਰੌੜ ਉਮਰ ਦੀਆਂ ਸਵਾਣੀਆਂ ਦੇ ਗੀਤਾਂ ਥਾਲ, ਕਿਕਲੀ ਅਤੇ ਵਿਆਹ ਗੀਤਾਂ ਵਿਚਲੀ ਤਰਲੇ ਅਤੇ ਜਸ ਗਾਇਨ ਦੀ ਸੁਰ ਗਾਇਬ ਹੋਕੇ ਰੋਹ ਦਾ ਸੁਰ ਸਥਾਪਿਤ ਹੁੰਦਾ ਹੈ।

ਮੰਦਾ ਕੀਤਾ ਬਾਬਲਾ ਨਾਈਆਂ ਦੀ ਜੜ ਜਾਹ।
ਬਾਰਾਂ ਵਰ੍ਹਿਆਂ ਦਾ ਛੋਕਰਾ ਦਿਤੜ ਮੇਰੇ ਲੜ ਲਾ।
(ਮੰਦਾ ਕੀਤਾ ਬਾਬਲਾ)

ਮਾਪਿਆਂ ਨੇ ਜ਼ੁਲਮ ਕੀਤਾ ਸਾਰੰਗੀ ਵਾਲੇ ਲੜ ਲਾਇਆ।
ਪਹਿਲੇ ਦਿਨ ਮੰਗਣ ਗਿਆ ਕਿਸੇ ਤੱਤੀ ਨੇ ਖੈਰ ਨਾ ਪਾਇਆ।
ਚੌਥੇ ਦਿਨ ਮੰਗਣ ਗਿਆ ਕਿਸੇ ਚੰਦਰੀ ਦੁਪਹਿਰੇ ਗਲੀਂ ਲਾਇਆ।
(ਮਾਪਿਆਂ ਨੇ ਜ਼ੁਲਮ ਕੀਤਾ)

ਸਪਸ਼ਟ ਹੈ ਗਉਣਾਂ ਦੀ ਕੇਂਦਰੀ ਥੀਮ (ਵੱਥ) ਕਾਮੁਕਤਾ ਦੇ ਲਾਜ਼ਮੀ ਖੇਤਰ ਨੂੰ ਨਿਸ਼ੇਧ ਵਾਚੀ ਅਰਥਾਂ ਵਿਚ ਗ੍ਰਹਿਣ ਕਰਕੇ ਉਸਾਰੇ ਸਮਾਜ ਦੇ ਖੋਖਲੇ ਨੈਤਿਕ ਪ੍ਰਬੰਧ ਦੀ ਮਰਯਾਦਾ ਦੀ ਹੋਂਦ ਵਿਚ ਰਿਸ਼ਤਿਆਂ ਦੇ ਖੇਤਰ ਵਿਬ ਇਸਤ੍ਰੀ/ਮਰਦ ਦੀ ਤਨਾਉ-ਗ੍ਰਸਤ ਮਾਨਸਿਕਤਾ ਤੋਂ ਉਪਜੇ ਵਿਰੋਧ ਕਾਰਣ ਅਸੰਤੁਲਿਤ ਵਤੀਰੇ ਦੀ ਸੰਕਟੀ ਸਥਿਤੀ ਦੀ ਅਭਿਵਿਅਕਤੀ ਹੈ।

ਇਸ ਵਿਧਾ ਦੇ ਗੀਤਾਂ ਦੇ ਵੱਡੇ ਭਾਗ ਵਿਚ ਵਿਸ਼ੇ ਦੀ ਪੇਸ਼ਕਾਰੀ ਕਥਾ ਦੀ ਪੱਧਰ ਤੇ ਹੁੰਦੀ ਹੈ। ਗਉਣ ਰਚਨਾਵਾਂ ਦੀ ਹੋਂਦ ਵਿਧੀ ਦਾ ਆਧਾਰ ਬਿਰਤਾਂਤਕ ਸੰਗਠਨ ਹੋਣ ਕਾਰਣ ,ਗਉਣ ਲੋਕ ਕਾਵਿ ਦੀ ਇਕ ਵਖਰੀ ਵਿਧਾ ਕਥਾ ਗੀਤ/ਲੋਕ ਗੀਤ ਕਥਾ ਹੋਣ ਦਾ ਪ੍ਰਭਾਵ ਸਿਰਜਦੇ ਹਨ। ਇਸ ਵਿਧਾ ਦੀਆਂ ਰਚਨਾਵਾਂ ਵਿਚ ਸੰਵਾਦ ਦੀ ਜੁਗਤ ਇਕ ਲਾਜ਼ਮੀ ਨੇਮ ਵਾਂਗ ਕਾਰਜਸ਼ੀਲ ਹੁੰਦੀ ਹੈ। ਸੰਵਾਦ ਦੀਆਂ ਕੋਈ ਦੋ ਧਿਰਾਂ; ਪਤੀ-ਪਤਨੀ, ਦੇਰ-ਭਰਜਾਈ, ਨੂੰਹ-ਸੱਸ, ਨੂੰਹਾਂ-ਸਾਧ/ਫਕੀਰ/ਜੋਗੀ, ਪ੍ਰੇਮੀ-ਪ੍ਰੇਮਿਕਾ, ਵਿਅਕਤੀ-ਸਮੂਹ, ਸਿਰਜਿਤ ਮੈਂ ਤੇ ਸ੍ਵੈ ਅਤੇ 'ਦਿਲ ਦੀਆਂ ਬਾਤੀਂ' ਵਿਚ ਸ਼ਾਮਲ ਮਾਂ-ਧੀ (ਪੰਨਾ 32) ਦਾ ਜੁੱਟ ਬਣਦਾ ਹੈ। ਵਧੇਰੇ ਗੀਤਾਂ ਵਿਚ ਸਥਿਤੀਆਂ, ਧਿਰਾਂ ਅਤੇ ਸੰਬੋਧਨ ਦੀ ਪੱਧਰ ਤੇ ਪਰਿਵਰਤਨ ਇਸਤ੍ਰੀ ਸਮੂਹ ਦੀ ਅਤਿ ਦੁਖਦ ਮਾਨਸਿਕਤਾ ਦਾ ਸੰਕੇਤਕ ਹੈ ਹੈ ਉਦਾਹਰਣ ਲਈ ਪੰਨਾ 22 ਦਾ ਗੀਤ ਵੇਖਿਆ ਜਾ ਸਕਦਾ ਹੈ।

ਦਿਲ ਦੀਆਂ ਬਾਤੀਂ ਇਸਤ੍ਰੀ ਵਰਗ ਦੇ ਚੇਤਨ ਅਤੇ ਦਮਿਤ ਬਿਰਤੀਆਂ ਦੇ ਖੇਤਰ ਅਵਚੇਤਨ ਦਾ ਇਕ ਨੰਗਾ ਸੱਚ ਹੈ। ਇਕ ਤਰਕ ਹੈ, ਜਿਸਨੂੰ ਜਜ਼ਬਾਤੀ ਅੰਸ਼ਾਂ ਸਹਿਤ ਦਿਲ ਦੀ ਪੱਧਰ ਤੇ ਪ੍ਰਵੇਸ਼ ਕਰਾਕੇ ਕਾਵਿ ਮਈ ਪ੍ਰਵਾਹ ਵਿਚ ਪਾ ਦਿਤਾ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਵਾਸਤਵ ਵਿਚ ਇਸ ਪ੍ਰਕਿਰਤੀ ਦੇ ਸਾਰੇ ਗੀਤਾਂ ਵਿਚ ਵਖ ਵਖ ਸਥਿਤੀਆਂ ਦੀ ਸਿਰਜਨਾ ਦੁਆਰਾ ਜਗੀਰਦਾਰੀ ਤੇ ਮੁਗਲਈ ਸਮਾਜ ਦੇ ਸਮਾਨਯ ਲੱਛਣਾਂ, ਵਿਸ਼ੇਸ਼ ਰੂਪ ਵਿਚ ਵਿਅਕਤੀ ਦੀ ਵਿਰੋਧੀ ਸ਼ਕਤੀ ਦੇ ਰੂਬਰੂ ਹੋਏ ਸਮਾਜ ਦੇ ਅਨਿਆਏ ਤੋਂ ਉਪਜੇ ਵਿਰੋਧ ਦੀਆਂ ਭਾਵਨਾਵਾਂ ਦੀ ਅਭਿਵਿਅਕਤੀ ਲਈ ਪ੍ਰਸਤੁਤ ਬਿਰਤਾਂਤ ਇਕ ਜੁਗਤ ਵਜੋਂ ਪ੍ਰਯੁਕਤ ਹੈ। ਗਉਣਾਂ ਵਿਚ ਚਿਹਨ ਸਿਰਜਨਾ ਦੀ ਕਾਰਗਰ ਜੁਗਤ ਇਕ ਲਾਜ਼ਮੀ ਨੇਮ ਵਾਂਗ ਹੈ। ਪੰਜਾਬੀ ਸਭਿਆਚਾਰ ਦੇ ਮਰਯਾਦਾਗਤ ਜੀਵਨ ਅਤੇ ਅਤ੍ਰਿਪਤ ਮਾਨਸਿਕਤਾ, ਦੋ ਵਖ ਵਖ ਸਥਿਤੀਆਂ ਦੇ ਟਕਰਾ ਦੀ ਸਥਿਤੀ ਦੀ ਪੇਸ਼ਕਾਰੀ ਲਈ ਪੰਜਾਬੀ ਲੋਕ ਮਨ ਦੇ ਚਿਹਨ ਸਿਰਜਨਾ ਲਈ ਮਿਥਿਹਾਸਕ ਜਗਤ ਦੀ ਥਾਂ ਜਾਣੇ ਪਛਾਣੇ ਖੇਤਰ, ਬਨਸਪਤੀ, ਪਸ਼ੂ ਪੰਛੀ ਜਗਤ, ਹਾਰ ਸ਼ਿੰਗਾਰ ਅਤੇ ਪੰਜਾਬ ਦੀਆਂ ਪ੍ਰਸਿਧ ਪ੍ਰੀਤ ਕਥਾਵਾਂ ਦੇ ਪਾਤਰਾਂ ਦੇ ਵਿਵਹਾਰ, ਪਰਿਸਥਿਤੀਆਂ ਅਤੇ ਵਸਤਾਂ ਦੇ ਸੰਕੇਤਾਂ ਦੇ ਨੇੜੇ ਦੇ ਚੌਗਿਰਦੇ ਦੀ ਚੋਣ ਕੀਤੀ ਹੈ। ਗਉਣਾਂ ਵਿਚ ਗਹਿਣਿਆਂ ਦੇ ਦੁਹਰਾਉ ਰੂਪ ਵਿਚ ਵਰਨਣ ਦੀ ਸਥਿਤੀ ਸਮਾਜ ਦੇ ਸਮੰਤੀ ਪ੍ਰਬੰਧ ਵਿਚ ਇਸਤ੍ਰੀ ਵਰਗ ਦੀ ਸੀਮਤ ਗਤੀਵਿਧੀਆਂ ਦੀ ਦੁਨੀਆਂ ਦੀ ਸੂਚਕ ਹੈ। ਭਰਵੇਂ ਜੋਬਨ ਅਤੇ ਪ੍ਰੇਮ ਸੰਬੰਧਾਂ ਵਿਚ ਆਏ ਪਰਿਵਰਤਨ ਦੀ ਸਥਿਤੀ ਲਈ ਗੀਤਾਂ ਦੀਆਂ ਸਿਰਜਕਾਂ ਨੇ ਟੁੱਟੀ ਰੇਸ਼ਮ ਡੋਰ, ਚੰਬੇ ਤੇ ਮਰੂਏ ਦੇ ਬੱਦਲ ਕਾਲੇ, ਲਾਲ ਮਿੱਟੀ ਦਾ ਚੌਂਤਰਾ, ਗੁਲਾਨਾਰੀ ਬੂਟਾ, ਘਰ ਜੋਬਨ ਗੂੜਾ, ਹੱਥੀਂ ਨੌਂ ਰੰਗ ਚੂੜਾ, ਦੇ ਜਾਣਾ ਦਿਦਾਰ, ਅੱਖੀਂ ਸੁਰਮਾ ਪਾਉਣਾ ਅਤੇ ਸੱਸੀ ਪੁੰਨੂੰ ਦੋਸਤੀ ਦੇ ਚਿਹਨਾਂ ਦੀ ਵਰਤੋਂ ਕੀਤੀ ਹੈ। ਚਿਹਨਾਂ ਦੀ ਵਿਆਪਕ ਪੱਧਰ ਤੇ ਸਿਰਜਨਾ ਦੇ ਆਧਾ ਤੇ ਗਉਣਾਂ ਦਾ ਚਿਹਨਾਤਮਕ ਅਧਿਐਨ ਇਕ ਸਾਰਥਕ ਖੋਜ ਹੋ ਸਕਦੀ ਹੈ।

ਗਉਣਾਂ ਦਾ ਨਿਭਾਉ ਸੰਦਰਭ ਨਿਸਚਿਤ ਨਹੀਂ, ਵਿਆਹ ਦੇ ਢੁਕਵੇਂ ਮੌਕਿਆਂ ਤੋਂ ਛੁੱਟ ਨਿਤਾਪ੍ਰਤੀ ਜੀਵਨ ਦੇ ਕਾਰਜਾਂ ਵਿਚ ਜੁਟੀਆਂ ਸਵਾਣੀਆਂ ਦਾ ਹਰ ਪਲ ਲੋਕ ਮਨ ਦੀ ਸਮੂਹਿਕ ਸਿਰਜਨਾ ਗਉਣਾਂ ਦੇ ਸਿਰਜਨਾਤਮਕ ਅਮਲ ਨਾਲ ਜੁੜਿਆ ਹੁੰਦਾ ਹੈ। ਵਿਆਹ ਦੀ ਗਾਉਣ ਬੈਠਣ ਦੀ ਰੀਤ ਵਿਚ ਗਉਣਾਂ ਨੂੰ ਪ੍ਰਾਥਮਕਤਾ ਨਹੀਂ ਪ੍ਰਾਪਤ ਹੁੰਦੀ। ਸਗਨ ਵਜੋਂ ਘੋੜੀਆਂ ਸੁਹਾਗ ਗਾਉਣ ਪਿਛੋਂ ਵਾਰੀ ਆਉਂਦੀ ਹੈ।

ਇਸ ਲੋਕ (ਸੰਸਾਰ) ਦੇ ਜੱਚ ਤੱਥ, ਦਿਲ ਦੀ ਵੇਦਨਾ ਪ੍ਰਤਿ ਸਮਾਜ ਦਾ ਤ੍ਰਿਸ-ਕਾਰਿਤ ਰਵਈਆ ਸਪਸ਼ਟ ਹੈ ਪਰੰਤੂ ਇਸਤ੍ਰੀ ਸਮੂਹ ਦਾ ਇਹਨਾਂ ਗੀਤਾਂ ਦੀ ਸਿਰਜਨਾ ਤੇ ਗਾਇਨ ਲਈ ਭਰਪੂਰ ਹੁੰਗਾਰਾ ਹੁੰਦਾ ਹੈ। ਅੱਧੀ ਰਾਤ ਬੀਤ ਜਾਣ ਉਪ੍ਰੰਤ ਵੀ ਲੰਮੀਆਂ ਹੇਕਾਂ ਦੇ ਗਾਇਣ ਗਾਉਂਦੀਆਂ ਇਸਤ੍ਰੀਆਂ, ਕੋਈ ਅਕਾਅ ਤੇ ਥਕਾਨ ਅਨੁਭਵ ਨਹੀਂ ਕਰਦੀਆਂ। ਸਾਰਾ ਸਮੂਹ ਦੋ ਜੁੱਟਾਂ ਵਿਚ ਵੰਡਿਆ ਜਾਂਦਾ ਹੈ ਤੇ ਇਸ ਤਰ੍ਹਾਂ ਦੇ ਭਾਵ ਦਾ ਦੁਹਰਾਉ ਵੀ ਨਿਭਦਾ ਅਤੇ ਲੰਮੀਆਂ ਹੇਕਾਂ ਦੀਆਂ ਧੁਨਾਂ ਦੇ ਗਾਉਣ ਦੌਰਾਨ ਵਕਫ਼ੇ ਵਿਚ ਕੁਝ ਦਮ ਵੀ ਮਿਲ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਉਣਾਂ ਦੀਆਂ ਲੰਮੀਆਂ ਹੇਕ ਦਾ ਇਸ ਦੀ ਵਸਤੂ ਨਾਲ ਅਨਿਖੜ ਸੰਬੰਧ ਹੈ, ਇਹ ਕਹਿਣਾ ਅਨੁਚਿਤ ਨਹੀਂ ਹੋਵੇਗਾ ਗਉਣਾਂ ਦੀ ਸਿਰਜਨ ਯਾਤਰਾ ਲੰਮੀਆਂ ਹੇਕਾਂ ਦੀਆਂ ਧੁਨਾਂ ਤੋਂ ਗੀਤਾਂ ਦੀ ਸਿਰਜਨਾ ਵੱਲ ਹੈ। ਸਵਾਣੀਆਂ ਨੇ ਘੋੜੀਆਂ ਸੁਹਾਗਾਂ ਦੀਆਂ ਧੁਨਾਂ ਵਿਚ ਆਪਣੀਆਂ ਅਕਾਂਖਿਆਵਾਂ ਤੇ ਅਨੁਭਵ ਨੂੰ ਪ੍ਰਗਟਾਉਣ ਲਈ ਸਮਾਨਾਂਤਰ ਗਉਣਾਂ ਦੀ ਸਿਰਜਨਾ ਕੀਤੀ।

ਇਸ ਕਾਰਜ ਲਈ ਮੈਨੂੰ ਮਾਝੇ ਖੇਤਰ ਦੇ ਅੰਮ੍ਰਿਤਸਰ, ਗੁਰਦਾਸਪੁਰ ਜ਼ਿਲ੍ਹਿਆਂ ਦੇ ਵੱਖ ਵੱਖ ਪਿੰਡਾਂ ਵਿਚ ਜਾਣਾ ਪਿਆ। ਖੇਤਰੀ ਕਾਰਜ ਲਈ ਸਥਾਨ ਦੀ ਮੇਰੀ ਚੋਣ ਦਾ ਆਧਾਰ ਉਹ ਪਿੰਡ ਬਣੇ ਜੋ ਸਮੁੱਚੇ ਮਾਝੇ ਦੀ ਪ੍ਰਤੀਨਿਧਤਾ ਕਰਦੇ ਹੋਣ। ਆਧੁਨਿਕ ਸ਼ਹਿਰਾਂ ਅਤੇ ਨਗਰਾਂ ਤੋਂ ਦੂਰ ਵਿੱਥ ਤੇ ਵਾਕਿਆਤ ਹੋਣ। ਕੁਝ ਪਿੰਡ ਮੁੱਖ ਮਾਰਗ ਦੇ ਨੇੜੇ ਦੇ ਵੀ ਚੁਣੇ ਗਏ ਤਾਂ ਜੋ ਗੀਤਾਂ ਦੀ ਪੁਨਰ ਸਿਰਜਨਾ ਦੇ ਤੱਥ ਨੂੰ ਪਕੜਿਆ ਜਾ ਸਕੇ। ਚੋਣ ਦਾ ਇਕ ਅਧਾਰ ਸੂਚਕਾਂ ਦੀ ਉਪਲਬਧੀ ਦੀ ਸਥਿਤੀ ਹੁੰਦੀ ਹੈ ਜੋ ਵਧੇਰੇ ਜਾਣਕਾਰਾਂ ਦੇ ਪਿੰਡਾਂ ਤੋਂ ਪ੍ਰਾਪਤ ਹੋ ਸਕਦੀ ਹੈ। ਜਿੰਨਾ ਵਿਚ ਢੰਡ ਕਸੇਲ, ਚੀਮਾ, ਪੱਟੀ, ਬਰਾੜ, ਜੋਧੇ, ਡੂਗਰੀ, ਸੇਰੋਂ ਉਦੋਵਾਲੀ, ਲੌਂਗੋਵਾਲ ਬਟਾਲਾ, ਛਜਲਵੱਡੀ, ਟਾਂਗਰਾ, ਖਲਚੀਆਂ, ਰਈਆ, ਧੂਲਕਾ, ਤਿਮੋਵਾਲ, ਮਾਹਲਾਂ, ਟਿੱਬਾ, ਆਦਿ ਸ਼ਾਮਲ ਹਨ। ਯੋਜਨਾ ਦੀ ਤਿਆਰੀ ਸਮੇਂ ਮੈਨੂੰ ਇਹ ਕੰਮ ਸੌਖਾ ਪ੍ਰਤੀਤ ਹੋਇਆ ਸੀ ਪਰੰਤੂ ਵਿਵਹਾਰਕ ਪੱਧਰ ਤੇ ਖੇਤਰੀ ਕਾਰਜ ਵਿਚ ਸਹਾਇਕ ਸੰਦਾਂ, ਜੁਗਤਾਂ ਦੀ ਜਾਣਕਾਰੀ ਤੇ ਸਹਾਇਤਾ ਅਤੇ ਮਾਝੇ ਦੇ ਪਿੰਡ ਦੇ ਜੰਮ-ਪਲ ਦੀ ਸਥਿਤੀ ਜਿਸ ਨਾਲ ਇਸਤ੍ਰੀ ਗੀਤਕਾਰਾਂ ਨਾਲ ਜਾਣ ਪਛਾਣ ਤੇ ਅਪਣੱਤ ਸਥਾਪਿਤ ਕਰਨ ਵਿਚ ਕਿਸੇ ਔਕੜ ਦੇ ਰੂ-ਬਰੂ ਨਾ ਹੋਣਾ ਪਿਆ, ਦੇ ਬਾਵਜੂਦ ਇਸ ਕਾਰਜ ਦੀ ਕਠਿਨਤਾ ਦਾ ਅਹਿਸਾਸ ਭਲੀ-ਭਾਂਤ ਹੋਇਆ ਵਿਸ਼ੇਸ਼ ਕਰਕੇ ਗਉਣਾਂ ਦਾ ਇਕਤ੍ਰੀਕਰਕੇ ਹੋਰ ਵੀ ਔਖਾ ਹੈ। ਘਰ ਵਿਚ ਮਰਦਾਂ ਦੀ ਮੌਜੂਦਗੀ ਤੋਂ ਪਰ੍ਹਾਂ ਵੱਖਰਾ ਵਾਤਾਵਰਨ ਸਥਾਪਿਤ ਕਰਨਾ ਜਿਸ ਵਿਚ ਉਹ ਬਿਨਾਂ ਕਿਸੇ ਝਿਜਕ ਦੇ ਖੁਲ੍ਹ ਕੇ ਗਾ ਸਕਣ ਜਾਂ ਵਿਆਹ ਦੀ ਗਾਉਣ ਬੈਠਣ ਦੀ ਰਸਮ ਵਿਚ ਸ਼ਾਮਲ ਹੋ ਕੇ ਘੰਟਿਆਂ-ਬਧੀ ਬੈਠ ਕੇ ਗੀਤ ਪ੍ਰਾਪਤ ਕਰਨੇ ਦੂਹਰਾ ਤੀਹਰਾ ਕੰਮ ਹੁੰਦਾ ਹੈ। ਵਿਸ਼ੇਸ਼ ਕਰਕੇ ਪੰਜਾਬ ਦੀ ਅਜੋਕੀ ਸਥਿਤੀ ਵਿਚ ਜਦ ਪਿੰਡਾਂ ਵਿਚ ਗਾਉਣ ਬੈਠਣ ਦੀ ਪੂਰੀ ਤਰ੍ਹਾਂ ਮਨਾਹੀ ਹੈ, ਸੱਚ ਹੀ ਇਹ ਜੋਖਮ ਵਾਲਾ ਕੰਮ ਹੈ। ਮੈਨੂੰ ਇਸ ਕਾਰਜ ਦੌਰਾਨ ਕੁਲਵੰਤ ਸਿੰਘ ਔਲਖ ਅਤੇ ਦੂਸਰੇ ਵਿਦਵਾਨਾਂ ਦੇ ਕੰਮ ਦੀ ਦੇਣ ਦਾ ਹੋਰ ਵੀ ਡੂੰਘਾ ਅਹਿਸਾਸ ਹੋਇਆ।

ਖੇਤਰੀ ਕਾਰਜ ਦੁਆਰਾ ਕੁਝ ਗਉਣ, ਜਿਨ੍ਹਾਂ ਦੇ ਕੁਝ ਭਾਗ ਵੀ ਪ੍ਰਾਪਤ ਹੋਏ ਹਨ ਮੂਲਵਾਨ ਰਚਨਾਵਾ ਹਨ, ਨੂੰ ਹੱਥਲੀ ਪੁਸਤਕ ਵਿਚ ਸ਼ਾਮਲ ਨਹੀਂ ਕੀਤਾ ਗਿਆ। ਪਰੰਤੂ ਇਨ੍ਹਾਂ ਸੰਬੰਧੀ ਹੋਰ ਭਾਲ ਉਪਰੰਤ ਇਸ ਸਮਗ੍ਰੀ ਵਿਚ ਨਿਸਚੈਵਾਧਾ ਹੋ ਸਕਦਾ ਹੈ। ਉਦਾਹਰਣ ਲਈ ਇਹ ਗੀਤ ਪੇਸ਼ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਵੜ ਬਹੁ ਮੇਰੀ ਅੱਖ 'ਚ ਤੈਨੂੰ ਝਿੰਮਣੀਆਂ ਦੀ ਛਾਂ
ਤੈਨੂੰ ਵਿਚੇ ਬਣਾ ਦਊਂ ਬੰਗਲਾ ਤੇਰੇ ਵਿਚੇ ਘੋੜੇ ਨੂੰ ਥਾਂ
ਵਿਚੇ ਡਹਾਂ ਦਊਂ ਕੁਰਸੀ ਤੂੰ ਬੈਠਾ ਕਰੀਂ ਨਿਆਂ।

ਲੰਮੇ ਗੀਤਾਂ ਦੀ ਗੱਲ ਡਾ. ਨਾਹਰ ਸਿੰਘ ਤੇ ਡਾ. ਕਰਮਜੀਤ ਤੋਂ ਤੁਰਦੀ ਹੈ ਪਰੰਤੂ ਇਸ ਨੂੰ ਇਕ ਅਜ਼ਾਦ ਵਿਧਾ ਦੇ ਰੂਪ ਵਿਚ ਪਰਵਾਨ ਕਰਕੇ ਮਾਲਵੇ ਦੇ ਗਉਣਾਂ ਦਾ ਸੰਕਲਨ ਪ੍ਰਕਾਸ਼ਿਤ ਕਰਨਾ ਡਾ. ਲਾਭ ਸਿੰਘ ਖੀਵਾ ਦਾ ਵਰਨਣ ਯੋਗ ਯਤਨ ਹੈ। ਦਾਅਵਾ ਕਰਨਾ ਕਠਿਨ ਹੈ ਪਰੰਤੂ ਮੈਂ ਯਤਨ ਕੀਤਾ ਹੈ ਕਿ ਇਸ ਪੁਸਤਕ ਵਿਚ ਵਧੇਰੇ ਗੀਤ ਅਣਪ੍ਰਕਾਸ਼ਿਤ ਹੀ ਦਿਤੇ ਜਾਣ। ਕੁਝ ਇਕ ਉਪਭਾਸ਼ਾਈ ਅੰਤਰ ਜਾਂ ਰਚਨਾ ਦੀ ਸੰਪੂਰਨਤਾ ਦੀ ਦ੍ਰਿਸ਼ਟੀ ਤੋਂ ਪ੍ਰਾਪਤ ਟੋਟਿਆਂ ਦੇ ਆਧਾਰ ਤੇ ਸ਼ਾਮਲ ਕਰ ਲਏ ਗਏ ਹਨ। ਨਿਰਸੰਦੇਹ ਲੋਕ ਗੀਤ ਦਾ ਰੂਪ ਗਤੀਸ਼ੀਲ ਹੁੰਦਾ ਹੈ ਪਰੰਤੂ ਕੁਝ ਸੰਬੰਧਤ ਵੇਰਵਿਆਂ ਦੀ ਭਾਲ ਉਪਰੰਤ ਗੀਤ ਦਾ ਪ੍ਰਮਾਣਿਕ ਪਾਠ ਨਿਸਚਿਤ ਕੀਤਾ ਜਾ ਸਕਦਾ ਹੈ ਜੋ ਲੋਕ ਗੀਤ ਪਰੰਪਰਾ ਦੇ ਅਧਿਅਨ ਦੀ ਇਕ ਪ੍ਰਾਥਮਕ ਲੋੜ ਹੈ। ਜਿਵੇਂ ਖੇਤਰੀ ਕਾਰਜ ਦੁਆਰਾ ਮੇਰੇ ਵਲੋਂ ਇਕਤ੍ਰਿਤ ਇਹ ਮਹੱਤਵਪੂਰਨ ਪੰਕਤੀਆਂ ਪੁਸਤਕਾਂ ਵਿਚ ਪ੍ਰਕਾਸ਼ਿਤ ਗਉਣਾ ਵਿਚ ਸ਼ਾਮਲ ਨਹੀਂ। ਰਿਸ਼ਤਿਆਂ ਦੇ ਖੇਤਰ ਸਾਕਾਚਾਰੀ ਪ੍ਰਣਾਲੀ ਵਿਚਲੇ ਹਰੇਕ ਰਿਸ਼ਤੇ ਦੇ ਆਪਣੇ ਮਹੱਤਵ ਅਤੇ ਕਾਰਜਸ਼ੀਲਤਾ ਦਾ ਪਰਾਹਣ ਸੰਭਵ ਨਹੀਂ। ਸਪੱਸ਼ਟ ਹੈ :

ਭਾਬੋ ਨਾ ਮਿਲਦੀ ਭਾਬੋ ਧੀ ਜੂ ਪਰਾਈ
ਉੱਠ ਕੇ ਮਿਲ ਲਾ ਵੀਰਾ ਤੇਰੇ ਮਾਂ ਪਿਉ ਜਾਈ।

(ਭਾਬੋ ਧੀ ਜੂ ਪਰਾਈ)

ਗਉਣਾਂ ਵਿਚ ਮਰਯਾਦਾ ਦੇ ਨਿਯਮਾਂ ਅਤੇ ਮਰਦ ਇਸਤ੍ਰੀ ਦੇ ਰਿਸ਼ਤੇ ਦਾ ਸੰਬੰਧ ਵੱਖ ਵੱਖ ਪਧਰਾਂ ਤੇ ਹੁੰਦਾ ਰਹਿੰਦਾ ਹੈ। ਜਿਵੇਂ :

ਵੇ ਦੇਰਾ ਮੇਰੀ ਵੀਣੀ ਨੂੰ ਹੱਥ ਨਾ ਲਾ
ਲਾਵਾਂ ਲਈਆਂ ਤੇਰੇ ਵੇ ਵੀਰ ਨੇ

(ਲਾਵਾਂ ਲਈਆਂ ਤੇਰੇ ਵੇ ਵੀਰ ਨੇ)

ਢਲ ਪਰਛਾਵੇਂ ਚਿੱਠੀ ਵਾਚਣ ਲਗੀ ਇਥੋਂ ਉੱਠ ਨੀ ਨਣਾਨੇ

(ਫੁੱਲ ਲਗੇ ਗੁਲਾਨਾਰੀ)

ਭਾਰਤ ਦੇ ਵੱਖ ਵੱਖ ਭਾਗਾਂ ਦੇ ਲੋਕ ਗੀਤਾਂ ਦੇ ਵਿਪਰੀਤ ਮਾਝੇ ਵਿਚ ਮੜੀਆਂ ਤੇ ਮਹੀਂਵਾਲ ਸਮਾਨਅਰਥੀ ਬਣ ਗਏ ਹਨ। (ਮਹੀਂਵਾਲ ਜੇ)

ਇਸ ਤਰ੍ਹਾਂ ਰੂਪਾਂਤਰਾ, ਪਾਠਾਤਰਾਂ ਅਤੇ ਗੀਤ ਟੋਟਿਆਂ ਦੀ ਉਪਲਬਧੀ ਉਪਰੰਤ ਗੀਤ ਦੇ ਵਿਭਿੰਨ ਪਾਸਾਰ ਪਛਾਣੇ ਜਾ ਸਕਦੇ ਹਨ, ਜੋ ਪੰਜਾਬ ਦੇ ਸਭਿਆਚਾਰ ਦੇ ਮੁੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਖ ਹਨ। 'ਕਿਥੋਂ ਲਿਆਂਦਾ ਨੰਦ ਲਾਲ' ਵਿਚ ਸਮਾਜ, ਟੱਬਰ ਦੀ ਪੱਧਰ ਤੇ ਕਿਸੇ ਸੂਰਤ ਵਿਚ ਵਿਵਰਜਤ ਸੰਬੰਧ ਸਵੀਕਾਰ ਕਰ ਲੈਂਦਾ ਹੈ ਅਤੇ ਅੰਤ ਸੁਖਾਂਤਕ ਹੁੰਦਾ ਹੈ। ਪਰ ਦੂਸਰਾ ਪਾਸਾਰ ਸਮਾਜਿਕ ਵਿਰੋਧ ਦਾ ਹੈ, ਪਰਵਾਨਗੀ ਪ੍ਰਾਪਤ ਨਹੀਂ:

ਉੱਠ ਕੇ ਲਾਡ ਲਡਾ, ਨੀ ਮੈਂ ਵਾਰੀ ਗੋਰੀਏ. ਉੱਠ ਕੇ ਲਾਡ ਲਡਾ
(ਧਰਤ ਦੁਆਬੇ ਦੀ, ਪੰਨਾ 3)

ਕੱਢ ਬਰਛੀ ਮਾਹਿਆ ਟੋਟੇ ਹੋ ਗਏ ਚਾਰ ਕੱਢ ਬਰਛੀ ਮਾਰਿਆ
ਕਿੱਲੀ ਲਹਿੰਗਾ ਰਹਿ ਗਿਆ ਰਹਿ ਗਿਆ ਗੋਰੀ ਤੇ ਦਿਤੀ ਜੂ ਵਸਾਰ।
(ਪਾਂਧੇ ਪਤਰੀ, ਦਿਲ ਦੀਆਂ ਬਾਤੀਂ)

ਉਚਾਰਨ ਦੇ ਆਧਾਰ ਤੇ ਇਨ੍ਹਾਂ ਗੀਤਾਂ ਦਾ ਭਾਸ਼ਾ ਵਿਗਿਆਨਕ ਅਧਿਐਨ ਕੀਤਾ ਜਾ ਸਕਦਾ ਹੈ, ਮਨੁੱਖੀ ਪ੍ਰਵਿਰਤੀਆਂ ਅਤੇ ਭਾਵਾਂ ਦੀ ਵਿਸ਼ਵ-ਵਿਆਪੀ ਪੱਧਰ ਤੇ ਸਮਾਨਤਾ ਹੋਣ ਕਾਰਨ ਲੋਕ ਗੀਤਾਂ ਦੀਆਂ ਵਧੇਰੇ ਰਚਨਾਵਾਂ ਵਿਚ ਸਾਂਝ ਹੈ। ਇਸ ਤੱਥ ਦੀ ਪੁਸ਼ਟੀ ਵਖ ਵਖ ਸਭਿਆਚਾਰਾਂ ਦੇ ਲੋਕ ਗੀਤਾਂ ਦਾ ਤੁਲਨਾਤਮਕ ਅਧਿਐਨ ਤੋਂ ਵੀ ਹੁੰਦੀ ਹੈ ਪਰੰਤੂ ਗੀਤਾਂ ਦੇ ਖਿਤੇਵਾਰ ਇਕਤ੍ਰੀਕਰਨ ਦੇ ਅਮਲ ਦੁਆਰਾ ਵਧ ਤੋਂ ਵਧ ਭੂਲੇ ਵਿਸਰੇ ਗੀਤਾਂ ਦੀ ਪ੍ਰਾਪਤੀ ਹੋ ਸਕਦੀ ਹੈ।

ਮੈਂ ਇਨ੍ਹਾਂ ਗਾਉਣਾਂ ਦੇ ਮੁਖ ਸ੍ਰੋਤ ਬੀਬੀ ਹਰਬੰਸ ਕੌਰ ਢੰਡ, ਬਚਨ ਕੌਰ ਬਰਾੜ, ਅਮਰਜੀਤ ਕੌਰ ਜੋਧੇ ਜਿਨ੍ਹਾਂ ਕੋਲ ਵਧ ਤੋਂ ਵੱਧ ਗੀਤ ਪ੍ਰਾਪਤ ਹੋਏ, ਕੇਸਰ ਕੌਰ, ਕਰਤਾਰ ਕੌਰ, ਸੁਖਵੰਤ, ਪ੍ਰੀਤਮ ਕੌਰ, ਗੁਰਮੀਤ, ਚਰਨਜੀਤ, ਸੰਤ ਕੌਰ ਤੇ ਉਸਦੀ ਭੈਣ ਹਰਬੰਸ ਕੌਰ, ਰਜਿੰਦਰ, ਨਰਿੰਦਰ, ਕੁਲਵੰਤ, ਉਨ੍ਹਾਂ ਦੀਆਂ ਸਾਥਣਾਂ ਅਤੇ ਵਿਅਕਤੀਗਤ ਰੂਪ ਵਿਚ ਗਾਉਣ ਵਾਲੀਆਂ ਲੋਕ ਗੀਤਕਾਰਾਂ ਜਿਨ੍ਹਾਂ ਦੀ ਲੰਮੀ ਫਹਿਰਿਸਤ ਹੈ, ਬਹੁਤ ਰਿਣੀ ਹਾਂ।

ਮੈਂ ਡਾ: ਗੁਰਬਖਸ਼ ਸਿੰਘ ਫਰੈਂਕ ਦੀ ਧੰਨਵਾਦੀ ਹਾਂ ਜਿਨ੍ਹਾਂ ਨਾਲ ਮੈਂ ਇਸ ਕਾਰਜ ਦੀ ਯੋਜਨਾ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਸੀ। ਡਾ. ਕਰਨੈਲ ਸਿੰਘ ਥਿੰਦ ਜਿਨ੍ਹਾਂ ਨੇ ਆਪਣਾ ਸ਼ੋਧ ਪ੍ਰਬੰਧ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਈ ਪ੍ਰਸਤੁਤ ਕਰਕੇ ਲੋਕ ਯਾਦਿਕ ਸਾਮ੍ਰਗੀ ਨਾਲ ਪਰੀਚਿਤ ਕਰਾਇਆ। ਅਤੇ ਇਸ ਪੁਸਤਕ ਦੇ ਆਰੰਭ ਵਿਚ ਆਪਣੇ ਵਿਚਾਰ ਵੀ ਪ੍ਰਸਤੁਤ ਕੀਤੇ ਪ੍ਰਤੀ ਮੇਰਾ ਹਾਰਦਿਕ ਧੰਨਵਾਦ ਹੈ। ਲੋਕਯਾਨ ਦੇ ਖੇਤਰ ਵਿਚ ਪ੍ਰਕਾਸ਼ਿਤ ਮੇਰੀਆਂ ਪੁਸਤਕਾਂ ਪੰਜਾਬੀ ਲੋਕਯਾਨ ਅਤੇ ਦਿਲ ਦੀਆਂ ਬਾਤੀਂ ਉਨ੍ਹਾਂ ਵਲੋਂ ਦਿਤੇ ਉਤਸ਼ਾਹ ਦਾ ਸਿੱਟਾ ਹੈ। ਡਾ. ਵਣਜਾਰਾ ਬੇਦੀ ਦੀ ਇਸ ਖੇਤਰ ਵਿਚ ਖੋਜ ਅਤੇ ਘਾਲਣਾ ਤੋਂ ਗਹਿਣ ਕੀਤੇ ਪ੍ਰਭਾਵ ਲਈ ਮੈਂ ਕਿਰਤਸ ਹਾਂ। ਡਾ. ਦੀਵਾਨ ਸਿੰਘ ਜੀ ਅਤੇ ਡਾ. ਸਤਿੰਦਰ ਸਿੰਘ, ਮੁਖੀ, ਪੰਜਾਬੀ ਅਧਿਐਨ ਸਕੂਲ ਜਿਨ੍ਹਾਂ ਦੀ ਵਿਦਿਆਰਥਣ ਹੋਣ ਦਾ ਮੈਨੂੰ ਮਾਣ ਹੈ। ਮੈਂ ਆਭਾਰੀ ਹਾਂ। ਡਾ. ਹਰਿਭਜਨ ਸਿੰਘ ਡਾ. ਤਿਰਲੋਕ ਸਿੰਘ ਕੰਵਰ, ਡਾ. ਪਿਆਰ ਸਿੰਘ ਅਤੇ ਵੱਖ ਵੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਨੀਵਰਸਿਟੀਆਂ ਅਤੇ ਕਾਲਿਜਾਂ ਦੇ ਵਿਦਵਾਨਾਂ ਅਤੇ ਲੋਕ ਗੀਤਾਂ ਦੇ ਖੋਜੀਆਂ ਜਿਨ੍ਹਾਂ ਦੀਆਂ ਪੁਸਤਕਾਂ ਦੀ ਸੂਚੀ ਇਸ ਪੁਸਤਕ ਦੇ ਅੰਤ ਵਿਚ ਅੰਕਿਤ ਕੀਤੀ ਗਈ ਹੈ ਪ੍ਰਤਿ ਮੇਰੇ ਵਲੋਂ ਸਤਿਕਾਰ ਅਤੇ ਸਨੇਹ ਦੀਆਂ ਭਾਵਨਾਵਾਂ ਹਮੇਸ਼ਾਂ ਰਹਿਣੀਆਂ ਜਿਨ੍ਹਾਂ ਦੀ ਵਿਦਵਤਾ ਤੇ ਸੁਹਿਰਦ ਵਤੀਰਾ ਇਸ ਰਚਨਾ ਦਾ ਪ੍ਰੇਰਨਾ ਸ੍ਰੋਤ ਹੈ।

ਪੰਜਾਬੀ ਲੋਕ ਗੀਤਾਂ ਦੇ ਅਧਿਐਨ ਖੇਤਰ ਦੇ ਵਿਸ਼ੇਸਗ ਦਾ ਡਾ. ਸ਼ਹਿਰਯਾਰ ਨੇ ਇਸ ਪੁਸਤਕ ਦੇ ਖਰੜੇ ਦਾ ਅਧਿਐਨ ਕਰਨ ਉਪ੍ਰੰਤ ਸੰਬੰਧਤ ਖੇਤਰ ਵਿਚ ਇਸ ਕੰਮ ਦਾ ਸਥਾਨ ਨਿਸਚਿਤ ਕਰਕੇ (ਕਿਤੇ ਕਿਤੇ ਵਣਜਾਰਾ ਮਿਲਦਾ) ਮੇਰੀ ਇਸ ਖੇਤਰ ਵਿਚ ਰੁਚੀ ਅਤੇ ਉਤਸ਼ਾਹ ਵਿਦਾ ਵਾਧਾ ਕੀਤਾ ਹੈ। ਮੈਂ ਉਨ੍ਹਾਂ ਦੀ ਬਹੁਤ ਰਿਣੀ ਹਾਂ। ਡਾ. ਧਰਮ ਸਿੰਘ, ਅਤੇ ਜਗੀਰ ਸਿੰਘ ਨੂਰ ਜਿਨ੍ਹਾਂ ਨੇ ਦਿਲ ਦੀਆਂ ਬਾਤੀਂ ਦਾ ਖਰੜਾ ਪੜ੍ਹਿਆ ਅਤੇ ਮੇਰੇ ਵਿਭਾਗ ਦੇ ਹੋਰ ਸਹਿਯੋਗੀ ਜਿਨ੍ਹਾਂ ਮੇਰੇ ਕੰਮ ਨੂੰ ਸੰਤੁਲਿਤ ਨਜ਼ਰੀਏ ਤੋਂ ਪਛਾਨਣ ਦਾ ਯਤਨ ਕੀਤਾ ਅਤੇ ਇਕਸਾਰ ਪਰਿਵਾਰਕ ਪਛਾਣ ਸਥਾਪਤ ਕਰਕੇ ਮੈਨੂੰ ਉਤਸ਼ਾਹ ਪ੍ਰਦਾਨ ਕੀਤਾ ਮੈਂ ਉਨ੍ਹਾਂ ਦੀ ਅਹਿਸਾਨ ਮੰਦ ਹਾਂ। ਪੁਸਤਕ ਦੀ ਪ੍ਰਕਾਸ਼ਨਾ ਲਈ ਡਾ. ਬਿਕਰਮ ਸਿੰਘ ਘੁੰਮਣ ਵਲੋਂ ਦਿਤੇ ਸਹਿਯੋਗ ਅਤੇ ਲਾਕਟ ਪ੍ਰਿੰਟਰਜ਼ ਅੰਮ੍ਰਿਤਸਰ ਦਾ ਧੰਨਵਾਦ ਕਰਨਾ ਵੀ ਲਾਜ਼ਮੀ ਹੋਵੇਗਾ।

ਗਉਣਾਂ ਦੀ ਸੁਰਲਿਪੀ ਦੀ ਤਿਆਰੀ ਵੀ ਇਕ ਵੱਡੀ ਸਾਧਨਾ ਹੈ। ਸ਼ਾਇਦ ਮੈਨੂੰ ਇਸ ਕਾਰਜ ਵਿਚ ਸਫਲਤਾ ਪ੍ਰਾਪਤ ਨਾ ਹੋ ਸਕਦੀ ਜੇਕਰ ਸੰਗੀਤ ਅਧਿਆਪਕ ਸ: ਰਣਬੀਰ ਸਿੰਘ ਅਤੇ ਸ੍ਰੀ ਸੀਤਾ ਰਾਮ ਜੀ ਦਾ ਇਸ ਕੰਮ ਵਿਚ ਮਿਲਵਰਤਨ ਪ੍ਰਾਪਤ ਨਾ ਹੁੰਦਾ। ਉਨ੍ਹਾਂ ਨੇ ਘੰਟਿਆ ਬੱਧੀ ਲੰਮੀਆਂ ਬੈਠਕਾ ਦੁਆਰਾ ਪੂਰੀ ਤਨ ਦੇਹੀ ਨਾਲ ਇਸ ਕੰਮ ਨੂੰ ਨਿਬਾਹਿਆ ਮੈਂ ਉਨ੍ਹਾਂ ਦੀ ਅਹਿਸਾਨਮੰਦ ਹਾਂ। ਉਨ੍ਹਾਂ ਦੇ ਸਹਿਯੋਗ ਨਾਲ ਹੀ ਦਿਲ ਦੀਆ ਬਾਤੀਂ ਦੀ ਪ੍ਰਕਾਸ਼ਨਾ ਦੁਆਰਾ ਪੰਜਾਬੀਆਂ ਦੇ ਵਿਰਸੇ ਦਾ ਇਹ ਭਾਗ ਸੁਰਖਿਅਤ ਕੀਤਾ ਜਾ ਸਕਿਆ ਹੈ। ਇਨ੍ਹਾਂ ਗਉਣਾਂ ਦੇ ਗਾਇਨ ਲਈ ਪੁਸਤਕ ਵਿਚ ਅੰਕਿਤ ਸੁਰਲਿਪੀ ਦੇ ਆਧਾਰ ਤੇ ਸੰਗੀਤਕਾਰ ਨੂੰ ਗੀਤ ਦੀ ਲੈਅ, ਧੁਨ ਅਨੁਸਾਰ ਵਾਧਾ ਘਾਟਾ ਕਰਨ ਦੀ ਵੀ ਖੁਲ੍ਹ ਹੁੰਦੀ ਹੈ ਪਰੰਤੂ ਮੁਖ ਰੂਪ ਵਿਚ ਹਾਰਮੋਨੀਅਮ ਦੇ ਪਹਿਲੇ ਕਾਲੇ ਸੁਰ ਨੂੰ ਆਧਾਰ ਮੰਨਕੇ ਕਹਿਰਵ ਦੀਆਂ ਚਾਰ ਅਤੇ ਅੱਠ ਸਤਰਾਂ ਕਰਕੇ ਚਾਰ ਮਾਤਰਾ ਦਾ ਕਹਿਰਵਾ ਦੁਗਣ ਵਿਚ ਵਜਾਇਆ ਜਾਵੇਗਾ ਅਤੇ ਅੱਠ ਮਾਤਰਾ ਦਾ ਇਕਹਿਰਾ ਵਜੇਗਾ। ਇਸੇ ਤਰ੍ਹਾਂ ਪੰਜਾਬੀ ਢਹੀਆ ਦੁਗਣ ਵਿਚ ਅਤੇ ਰੂਪਕ ਇਕਹਿਰਾ ਵਜੇਗਾ।

ਅੰਤ ਵਿਚ ਮੈਨੂੰ ਇਹ ਪੁਸਤਕ ਵਿਦਵਾਨ ਖੋਜੀਆਂ, ਵਿਦਿਆਰਥੀਆਂ ਅਤੇ ਚੇਤੰਨ ਪਾਠਕਾਂ ਨੂੰ ਸੌਂਪ ਕੇ ਪ੍ਰਸੰਨਤਾ ਅਨੁਭਵ ਹੋ ਰਹੀ ਹੈ।

ਇਕਬਾਲ ਕੌਰ
ਪੰਜਾਬੀ ਅਧਿਐਨ ਸਕੂਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8551

ਟੁੱਟੀ ਰੇਸ਼ਮ ਡੋਰ

ਦੁਲੜੀ[1] ਘੜਾਂ ਦੇ ਰਾਜਾ ਸਾਨੂੰ ਦੁਲੜੀ ਘੜਾ ਦੇ,
ਵਿਚ ਜੜਾ ਦਿਉ ਜੀ ਲਾਲ ਲਾਂਭੀ ਜੜਾ ਦਿਉ ਜੀ ਦੁਨੀਆਂ।[2]
ਦੁਲੜੀ ਘੜਾ ਲਾ ਰਾਣੀ ਆਪਣੇ ਮਾਪਿਆਂ ਕੋਲੋਂ,
ਜਿਨ੍ਹਾਂ ਦੇ ਪੱਲੇ ਹਜ਼ਾਰ ਸਾਡੇ ਪੱਲੇ ਹੈ ਨਹੀਂ ਸੈਂਕੜੇ।
ਸੋਨੇ ਦਾ ਗੜਵਾ ਰਾਣੀ ਤੈਨੂੰ ਮਹਿਰਾ ਲੈ ਆਵੇ
ਉਠ ਮੇਰੀ ਰਾਣੀ ਨਹਾ ਉਹੋ ਕਰੇ ਤੇਰੀ ਨੀ ਬੇਨਤੀ।
ਸੋਨੇ ਦਾ ਗੜਵਾ ਰਾਜਾ ਤੇਰੀ ਛੋਟੜੀ ਰਾਣੀ,
ਜਿਨ ਮੇਰਾ ਮੋਹ ਲਿਆ ਲਾਲ ਚੰਬੇ ਤੇ ਮਰੂਏ ਦੇ ਬੱਦਲ ਕਾਲੇ,
ਟੁੱਟੀ ਰੇਸ਼ਮ ਡੋਰ ਉਘੜ ਗਈਆਂ ਜ਼ਾਲਮ ਜੀ ਅੱਖੀਆਂ।
ਰੇਸ਼ਮੀ ਕਪੜੇ ਰਾਣੀ ਤੈਨੂੰ ਦਰਜੀ ਲੈ ਆਵੇ,
ਉਠ ਮੇਰੀ ਰਾਣੀ ਤੂੰ ਪਾ ਉਹੋ ਕਰੇ ਤੇਰੀ ਨੀ ਬੇਨਤੀ।
ਰੇਸ਼ਮ ਦੇ ਕਪੜੇ ਰਾਜਾ ਤੇਰੀ ਛੋਟੜੀ ਰਾਣੀ,
ਜਿਨ ਮੇਰਾ ਮੋਹ ਲਿਆ ਲਾਲ ਚੰਬੇ ਤੇ ਮਰੂਏ ਦੇ ਬੱਦਲ ਕਾਲੇ,
ਟੁੱਟੀ ਰੇਸ਼ਮ......

ਸੋਨੇ ਦੇ ਜੇਵਰ ਰਾਣੀ ਤੈਨੂੰ ਸੁਨਿਆਰਾ ਲੈ ਆਵੇ,
ਉਠ ਮੇਰੀ ਰਾਣੀ ਤੂੰ ਸਜਾ ਉਹੋ ਕਰੇ ਤੇਰੀ ਨੀ ਬੇਨਤੀ।
ਸੋਨੇ ਦੇ ਜੇਵਰ ਰਾਜਾ ਤੇਰੀ ਛੋਟੜੀ ਰਾਣੀ ਜਿਨ ਮੇਰਾ ਮੋਹ ਲਿਆ ਲਾਲ,
ਚੰਬੇ ਤੇ ਮਰੂਏ ਦੇ ਬਦਲ ਕਾਲੇ,
ਟੁੱਟੀ ਰੇਸ਼ਮ......

ਫੁੱਲਾਂ ਦਾ ਸਿਹਰਾ ਰਾਣੀ ਤੈਨੂੰ ਮਾਲਣ ਲੈ ਆਵੇ,
ਉਠ ਮੇਰੀ ਰਾਣੀ ਪਾ ਉਹੋ ਕਰੇ ਤੇਰੀ ਨੀ ਬੇਨਤੀ।
ਫੁੱਲਾਂ ਦਾ ਸਿਹਰਾ ਰਾਜਾ ਤੇਰੀ ਛੋਟੜੀ ਰਾਣੀ,
ਜਿਨ ਮੇਰਾ ਮੋਹ ਲਿਆ ਲਾਲ ਚੰਬੇ ਤੇ ਮਰੂਏ ਦੇ ਬੱਦਲ ਕਾਲੇ
ਟੁੱਟੀ ਰੇਸ਼ਮ .....

---

1. ਦੋਹਰੀ ਮਾਲਾ/ਗਲ ਦਾ ਗਹਿਣਾ 2. ਮੀਨਾ/ਮੀਨਾਕਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੂੜ ਅਲ੍ਹਾਮਾ ਜੀ ਆਇਆ

ਸਾਂਵਲਿਆ ਵੇ ਸਲੋਨਿਆ ਵੇ ਮੁੰਡਿਆ
ਤੂੰ ਮੇਰਾ ਮੈਂ ਤੇਰੀ,
ਤੂੰ ਮੇਰਾ ਮੈਂ ਤੇਰੀ ਚੀਰੇ ਵਾਲਿਆ
ਪਾ ਜੋਗੀ ਵਾਲੀ ਫੇਰੀ ।

ਖਿੱੜ ਨੀ ਕਲੀਏ ਖਿੱੜ ਨੀ ਰਵੇਲੇ
ਖਿੜਨੇ ਦੀ ਰੁਤ ਆਈ,
ਆਸੋਂ ਵੀ ਖਿੱੜੀਉਂ ਪਾਸੋਂ ਵੀ ਖਿੜੀਉਂ
ਵਿਚੋਂ ਕਿਉਂ ਖਿੱੜਦੀ ਨਾਹੀਂ ।
ਤੂੰ ਮੇਰਾ ਮੈਂ ਤੇਰੀ ਚੀਰੇ ਵਾਲਿਆ
ਪਾ ਜੋਗੀ ਵਾਲੀ ਫੇਰੀ ।

ਚਲੋ ਸਈਓ ਰਲ ਵੇਖਣ ਚਲੀਏ
ਰਾਂਝਣ ਬਾਗ ਲਵਾਇਆ,
ਖੱਟੇ ਵੀ ਲੱਗੜੇ ਮਿੱਠੇ ਵੀ ਲੱਗੜੇ
ਅੰਬ ਲੱਗਾ ਪੰਜ ਪਾਇਆ[1] ।
ਨਾ ਅਸਾਂ ਖਾਧੇ ਨਾ ਅਸਾਂ ਪੀਤੇ
ਕੂੜ ਅਲ੍ਹਾਮਾ ਨੀ ਆਇਆ ।
ਸਾਂਵਲਿਆ ਵੇ ਸਲੋਨਿਆ ਵੇ ਮੁੰਡਿਆ
ਤੂੰ ਮੇਰਾ ਮੈਂ ਤੇਰੀ
ਤੂੰ ਮੇਰਾ ਤੇ ਮੈਂ ਤੇਰੀ ਚੀਰੇ ਵਾਲਿਆ
ਪਾ ਜੋਗੀ ਵਾਲੀ ਫੇਰੀ ।

---

1. ਤੋਲ ਵਿਚ ਪੰਜ ਪਾਅ ਜੋ ਪੁਰਾਣੇ ਮਾਪ ਤੋਲ ਵਿਚ ਸਵਾ ਸੇਰ, ਨਵੇਂ ਤੋਲ ਸਿਸਟਮ ਵਿਚ ਲਗਭਗ ਇਕ ਕਿੱਲੋ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਹੀ ਮਿਲੇ ਨੀ ਸਾਨੂੰ ਮਾਹੀਅੜਾ

ਹਾਲ ਨੀ ਬੀਜ ਨੀ ਰੈਣੋ[1] ਮੂਲੀਆਂ
ਕੋਈ, ਮੁੱਢਾਂ ਤੋਂ ਪੀਲੜੀਆਂ ।
ਹਾਲ ਨੀ ਮੈਂ ਤੇ ਮਾਹੀ ਮੇਰੇ ਖਾਣੀਆਂ
ਸਾੜੇ, ਲੂੰ ਲੂੰ ਤੇ ਗਈਆਂ ਨੇ ਰਚ ਨੀ।
ਰਚ ਨੀ, ਮਾਹੀ ਮਿਲੇ ਨੀ ਸਾਨੂੰ ਮਾਹੀਅੜਾ
ਮਾਹੀ ਮਿਲੇ ਤੇ ਝਗੜਾ ਹੋ
ਹੋ ਨੀ, ਛੇਜ ਮਿਲੇ ਤੇ ਜੋਬਨ ਵੰਡੀਏ ।
ਹਾਲ ਹੀ ਮਾਹੀ ਤਾਂ ਮੇਰਾ ਪੰਜ ਫੁੱਲੀਆ
ਕੋਈ, ਜਾਂ ਮੈਂ ਤੋਲਾਂ ਤੇ ਫੁੱਲ ਚਾਰ ਨੀ ।
ਚਾਰ ਨੀ, ਇਕ ਤਾਂ ਮੋਹਿਆ ਨੀ ਗਵਾਂਢਨੇ
ਦੂਜਾ ਤੇ ਤੋਲਣਹਾਰ ਨੀ ।
ਹਾਲ ਨੀ ਮਾਹੀ ਮਿਲੇ ਨੀ ਸਾਨੂੰ ਮਾਹੀਅੜਾ
ਮਾਹੀ ਮਿਲੇ ਤੇ ਝਗੜਾ ਹੋ ।
ਹੋ ਹੀ ਛੇਜ ਮਿਲੇ ਤੇ ਜੋਬਨ ਵੰਡੀਏ ।
ਹਾਲ ਨੀ ਬਾਰੀ ਦੇ ਵਿਚ ਨੀ ਖਲੋਤੀਏ
ਕੋਈ, ਆ ਜਾ ਤੂੰ ਘਰ ਦੀ ਨਾਰ ਨੀ ।
ਨਾਰ ਨੀ ਆਸ਼ਕ ਵਾਜਾਂ ਮਾਰਦਾ
ਕੋਈ ਹੋ ਜਾ ਬਰੂਹਾਂ[2] ਤੋਂ ਬਾਹਰ ਨੀ ।
ਬਾਹਰ ਨੀ, ਮਾਹੀ ਮਿਲੇ ਨੀ ਸਾਨੂੰ ਮਾਹੀਅੜਾ
ਮਾਹੀ ਮਿਲੇ ਤੇ ਝਗੜਾ ਹੋ ।
ਹੋ ਨੀ, ਛੇਜ ਮਿਲੇ ਤੇ ਜੋਬਨ ਵੰਡੀਏ ।

---

1. ਕਾਸ਼ਤਕਾਰ ਅਰਾਈਂ ਜਾਤ ਨਾਲ ਸੰਬੰਧਤ ਇਸਤ੍ਰੀ । 2. ਦਰਵਾਜ਼ਾਂ/ਦਹਿਲੀਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਲਾ ਵੇ ਜਲ਼ਾਲੀਆ ਵੇ ਰੋਡਿਆ !

ਕਿਨ ਤੈਨੂੰ ਦੱਸਿਆ ਹਾਏ ਬੂਹਾ ਵੇ
ਕਿਨ ਤੈਨੂੰ ਦਿੱਤੀਆ ਸੂਹ[1] ਵੇ ਫਕੀਰਾ!
ਭਲਾ ਵੇ ਜਲਾਲੀਆ ਵੇ ਰੋਡਿਆ[2]
ਕਿਨ ਤੈਨੂੰ ਦਿੱਤੀਆਂ ਸੂਹ ਵੇ ।
ਕੁੜੀਆਂ ਨੇ ਦੱਸਿਆ ਹਾਏ ਬੂਹਾ ਨੀ, ਮੁੰਡਿਆਂ ਦਿੱਤੀ ਆ ਸੂਹ ਨੀ ।
ਹਾਏ ਨੀ ਲੁਹਾਰੀਏ ਨੀ ਲੋੜ੍ਹੇ ਮਾਰੀਏ ਨੀ ਗੋਰੀਏ ਮੁੰਡਿਆਂ ਨੇ ਦਿੱਤੀ ਸੂਹ ਨੀ ।
ਜੇ ਤੂੰ ਭੁੱਖਾ ਰੋਟੀ ਦਾ ਵੇ ਦੇਨੀ ਆ ਸੱਜਰੀ ਪਕਾ,
ਵੇ ਫਕੀਰਾ ਭਲਾ ਵੇ ਜਲਾਲੀਏ ਦੇਨੀ ਆਂ ਸੱਜਰੀ ਪਕਾ।
ਨਾ ਮੈਂ ਭੁੱਖਾ ਹਾਏ ਰੋਟੀ ਦਾ ਨੀ ਲੁਹਾਰੀਏ ਨੀ,
ਲੈਣਾ ਏ ਤੇਰਾ ਦਿਦਾਰ ਨੀ ਲੋੜ੍ਹੇ ਮਾਰੀਏ ਨੀ ਗੋਰੀਏ ਲੈਣਾ ਏ ਤੇਰਾ ਦਿਦਾਰ ।
ਜੇ ਤੂੰ ਤਿਹਾਇਆ ਪਾਣੀ ਦਾ ਵੇ ਦੇਨੀ ਆ ਦੁੱਧ ਪਿਆ,
ਭਲਾ ਵੇ ਜਲਾਲੀਆ ਦੇਨੀ ਆ ਦੁੱਧ ਪਿਆ ।
ਨਾ ਮੈਂ ਭੁੱਖਾ ਹਾਏ ਦੁੱਧ ਦਾ ਨੀ ਹੀਰੇ ਗੋਰੀਏ ਨੀ,
ਲੈਣਾ ਏ ਤੇਰਾ ਦਿਦਾਰ ਨੀ ਲੋੜ੍ਹੇ ਮਾਰੀਏ ਨੀ ਗੋਰੀਏ ਲੈਣਾ ਈ ਤੇਰਾ ਦੀਦਾਰ ।
ਜੇ ਤੂੰ ਭੁੱਖਾ ਵਿਆਹ ਦਾ ਦੇਨੀਆਂ ਨਣਦੇ ਦਾ ਸਾਕ ਕਰਾ,
ਭਲਾ ਵੇ ਜਲਾਲੀਆ ਦੇਨੀਆਂ ਸਾਕ ਕਰਾ ।
ਨਾ ਮੈਂ ਭੁੱਖਾ ਵਿਆਹ ਦਾ ਨੀ ਹੀਰੇ ਗੋਰੀਏ ਨੀ ।
ਖੜਨਾ ਏ ਤੈਨੂੰ ਮੈਂ ਨਾਲ । ਨੀ ਲੋੜ੍ਹੇ ਮਾਰੀਏ ਨੀ ਗੋਰੀਏ ।
ਖੜਨਾ ਏ ਤੈਨੂੰ ਨਾਲ ।

---

1. ਸੁਰਾਖ਼ 2. ਰੋਡਾ ਜਲਾਲੀ ਦੀ ਪ੍ਰਸਿੱਧ ਕਥਾ ਦਾ ਸੰਕੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਹੜੇ ਆ ਵੜਿਆ ਫਕੀਰ

ਉੱਚੇ ਚੁਬਾਰੇ ਸੱਸ ਚਰਖਾ ਕੱਤਦੀ ਕਿ ਵਿਹੜੇ ਆ ਵੜਿਆ ਫਕੀਰ,
ਹੋ ਕਿ ਮੇਰੀ ਜਾਨ ਵਿਹੜੇ ਆ ਵੜਿਆ ਫਕੀਰ
ਜਿੰਦੇ ਮੇਰੀਏ ਨੀ।

ਪਾ ਦੇ ਨੌਹੇ ਦੀ ਮੁੱਠ ਬਾਜਰੇ ਦੀ ਕਿ ਜੋਗੀ ਜਾਵੇ ਬੂਹਿਉਂ ਬਾਹਰ,
ਹੋ ਕਿ ਮੇਰੀ ਜਾਨ ਜੋਗੀ ਜਾਵੇ ਬੂਹਿਉਂ ਬਾਹਰ
ਜਿੰਦੇ ਮੇਰੀਏ ਨੀ।

ਨਹੀਉਂ ਲੈਣੀ ਨੀ ਮੁੱਠ ਬਾਜਰੇ ਦੀ ਕਿ ਤੂਹੀਉਂ ਤੁਰ ਪਉ ਸਾਡੇ ਨਾਲ,
ਹੋ ਕਿ ਮੇਰੀ ਜਾਨ ਤੂੰਹੀਉਂ ਤੁਰ ਪਉ ਸਾਡੇ ਨਾਲ
ਨੀ ਜਿੰਦੇ ਮੇਰੀਏ ਨੀ।

ਲੈ ਲਾ ਨੀ ਸੱਸੂ ਜਿੰਦੇ ਕੁੰਜੀਆਂ ਨੀ ਮੈਂ ਤਾਂ ਚਲੀ ਫਕੀਰਾਂ ਨਾਲ,
ਹੋ ਕਿ ਮੇਰੀ ਜਾਨ ਮੈਂ ਤਾਂ ਚਲੀ ਫਕੀਰਾਂ ਨਾਲ
ਜਿੰਦੇ ਮੇਰੀਏ ਨੀ।

ਚਲ ਵੇ ਜੋਗੀ ਕਿਤੇ ਚਲੀਏ ਵੇ ਜਿਥੇ ਤੇਰਾ ਮੇਰਾ ਨਾ ਕੋ,
ਹੋ ਕਿ ਮੇਰੀ ਜਾਨ ਜਿਥੇ ਤੇਰਾ ਮੇਰਾ ਨਾ ਕੋ
ਜਿੰਦੇ ਮੇਰੀਏ ਨੀ।

ਸੁੱਟ ਲਾ ਵੇ ਜੋਗੀ ਇਥੇ ਤੱਪੜੀ ਵੇ ਜਿੱਥੇ ਪੈ ਕੇ ਰਹੀਏਂ ਸੌਂ
ਹੋ ਕਿ ਮੇਰੀ ਜਾਨ ਜਿਥੇ ਪੈ ਕੇ ਰਹੀ ਏ ਸੌਂ,
ਜਿੰਦੇ ਮੇਰੀਏ ਨੀ।

ਵੱਡੇ ਦਾਦੇ ਦੀ ਮੈਂ ਪੋਤਰੀ ਲਗਾਂ ਲੱਜ ਆਵੇ ਮਰ ਜਾਂ,
ਹੋ ਕਿ ਲੱਜ ਆਵੇ ਮਰ ਜਾਂ
ਜਿੰਦੇ ਮੇਰੀਏ ਨੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਧਾਂ ਨਾਲ ਜਾਣਾ ਨੀ ਛੋਡ ਦੇ

ਨੀ ਮਾਏਂ ਸੁੱਥਣ ਸਵਾ ਦੇ ਨੀ ਛੀਟਾਂ[1] ਦੀ
ਜਾਣਾ ਸਾਧਾਂ ਦੇ ਨਾਲ, ਹੋ ਜਾਣਾ ਸਾਧਾਂ ਦੇ ਨਾਲ
ਸਾਧ ਗੁਮਾਨੀ[2] ਬੜੀ ਮੌਜ ਦੇ।

ਨੀ ਧੀਏਂ ਸਾਧੂ ਤੇ ਮੰਗਦੇ ਨੀ ਭਿੱਛਿਆ[3]
ਤੈਥੋਂ ਮੰਗੀ ਨਾ ਜਾਣੀ, ਹੋ ਤੈਥੋਂ ਮੰਗੀ ਨਾ ਜਾਣੀ
ਸਾਧਾਂ ਨਾਲ ਜਾਣਾ ਨੀ ਛੋਡ ਦੇ।

ਨੀ ਮਾਏਂ ਮੈਂ ਤਾਂ ਜਾਊਗੀਂ ਸਾਧਾਂ ਦੇ ਨਾਲ
ਸਾਧ ਗੁਮਾਨੀ ਬੜੀ ਮੌਜ ਦੇ।

ਨੀ ਧੀਏ ਸਾਧੂ ਤੇ ਪਾਉਂਦੇ ਨੀ ਭੰਗਵੇਂ[4]
ਤੈਥੋਂ ਪਾਏ ਨਾ ਜਾਣੇ, ਹੋ ਤੈਥੋਂ ਪਾਏ ਜਾਣੇ
ਸਾਧਾਂ ਦਾ ਜਾਣਾ ਨੀ ਛੋਡ ਦੇ।

ਨੀ ਮਾਏਂ ਸਾਧੂ ਤੇ ਪਾਉਂਦੇ ਨੀ ਭੰਗਵੇਂ
ਮੈਂ ਵੀ ਪਾਊਂਗੀ ਭੰਗਵੇ, ਹੋ ਮੈਂ ਵੀ ਪਾਊਂਗੀ ਭੰਗਵੇਂ
ਸਾਧ ਗੁਮਾਨੀ ਬੜੇ ਮੌਜ ਦੇ।

ਨੀ ਧੀਏ ਸਾਧੂ ਤੇ ਫਿਰਦੇ ਨੀ ਜੰਗਲੀਂ,
ਤੈਥੋਂ ਫਿਰਿਆ ਨਾ ਜਾਵੇ, ਹੋ ਤੈਥੋਂ ਫਿਰਿਆ ਨਾ ਜਾਵੇ
ਸਾਧਾਂ ਨਾਲ ਜਾਣਾਂ ਨੀ ਛੋਡ ਦੇ।

ਨੀ ਮਾਏ ਸਾਧ ਤੇ ਜਾਂਦੇ ਨੇ ਜੰਗਲੀਂ
ਮੈਂ ਵੀ ਜਾਊਂਗੀ ਨਾਲੇ, ਹੋ ਮੈਂ ਵੀ ਜਾਊਂਗੀ ਨਾਲੇ
ਸਾਧ ਗੁਮਾਨੀ ਬੜੀ ਮੌਜ ਦੇ।

---

1. ਕੱਪੜੇ ਦੀ ਕਿਸਮ 2. ਅਭਿਮਾਨੀ/ਹੰਕਾਰੀ 3. ਖੈਰ 4. ਭਗਵੇ/ਗੇਰੂਆ ਰੰਗ ਦਾ ਪਹਿਰਾਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਾ ਰਣਜੀਤ ਸਿੰਹਾਂ ਵੇ

ਰਾਜਾ ਰਣਜੀਤ ਸਿੰਹਾਂ ਵੇ !
ਆਪ ਤੇ ਸਉਨਾਂ ਵਾਂ ਵੱਡੜੀ ਵੇਲ੍ਹੀ[1] ਵੱਡੜੀ ਵੇਲ੍ਹੀ ਵੇ
ਸਾਡਿਆਂ ਸਿੰਘਾਂ ਦਾ ਸਤਿਗੁਰ ਬੇਲੀ, ਸਤਿਗੁਰ ਬੇਲੀ ਵੇ
ਮੋੜ ਘੋੜਾ ਦੇ ਦੇ ਛੁੱਟੀਆਂ ਵੇ ।

ਰਾਜਾ ਰਣਜੀਤ ਸਿੰਹਾਂ ਵੇ !
ਆਪ ਤੇ ਪੈਨ੍ਹਦਾ[2] ਏਂ ਲੱਠਾ ਤੇ ਖਾਸ਼ਾ, ਲੱਠਾ ਤੇ ਖਾਸ਼ਾ ਵੇ
ਸਾਡਿਆਂ ਸਿੰਘਾਂ ਦਾ ਖੱਦਰ ਦਾ ਸਾਫਾ,[3] ਖੱਦਰ ਦਾ ਸਾਫਾ ਵੇ
ਮੋੜ ਘੋੜਾ ਦੇ ਦੇ ਛੁੱਟੀਆਂ ਵੇ ।

ਰਾਜਾ ਰਣਜੀਤ ਸਿੰਹਾਂ ਵੇ !
ਆਪ ਤੇ ਸਉਂਦਾਂ ਏਂ ਮੇਮਾਂ ਦੇ ਕੋਲੇ, ਮੇਮਾਂ ਦੇ ਕੋਲੇ ਵੇ
ਸਾਡਿਆਂ ਸਿੰਘਾਂ ਦੇ ਪਾਏ ਵਿਛੋੜੇ, ਪਾਏ ਵਿਛੋੜੇ ਵੇ
ਮੋੜ ਘੋੜਾ ਦੇ ਦੇ ਛੁੱਟੀਆਂ ਵੇ ।

ਰਾਜਾ ਰਣਜੀਤ ਸਿੰਹਾਂ ਵੇ !
ਆਪ ਤੇ ਖਾਨਾ ਏਂ ਗਰੀਉ ਛੁਹਾਰੇ, ਗਰੀਉ ਛੁਹਾਰੇ ਵੇ
ਸਾਡਿਆਂ ਸਿੰਘਾਂ ਦੇ ਕਿੱਦਾਂ ਗੁਜ਼ਾਰੇ, ਕਿੱਦਾਂ ਗੁਜ਼ਾਰੇ ਵੇ
ਮੋੜ ਘੋੜਾ ਦੇ ਦੇ ਛੁੱਟੀਆਂ ਵੇ ।

---

1. ਹਵੇਲੀ 2. ਪਹਿਨਦਾ/ਪਾਉਂਦਾ 3. ਪੱਗ/ਦਸਤਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਚੀ ਮਾੜੀ ਰਾਂਗਲੀ

ਉੱਚਾ ਤੇ ਪਿੱਪਲ ਜੀ ਝਾਟਲਾ[1] ਲਗਰਾਂ ਲੈਣ ਹੁਲਾਰੇ ।
ਆਖਣਾ ਤੇ ਸਾਡੇ ਜੀ ਲਾਲ ਨੂੰ ਸਾਨੂੰ ਮਨੋਂ ਨਾ ਵਸਾਰੇ ।
ਦੂਲੜੀ[2] ਤੇ ਤਿਲੜੀ[3] ਜੀ ਚੌਲੜੀ[4] ਸਾਡੇ ਗਲ ਦੀ ਜੰਜੀਰੀ ।
ਆਖਣਾ ਤੇ ਸਾਡੇ ਜੀ ਲਾਲ ਨੂੰ ਘਰ ਪਈਂ ਆ ਫਕੀਰੀ ।
ਉੱਚੀ ਤੇ ਮਾੜੀ ਜੀ ਰਾਂਗਲੀ ਉਤੇ ਘੁੱਗੀਆਂ ਦਾ ਜੋੜਾ ।
ਇਕ ਜੂ ਘੁੱਗੀ ਉੱਡ ਗਈ ਦੂਜੀ ਪੈ ਗਿਆ ਵਿਛੋੜਾ ।
ਹੱਥੀਂ ਤੇ ਮਹਿੰਦੀ ਜੀ ਰਾਂਗਲੀ ਬਾਹੀਂ ਨੌਂ ਰੰਗ ਚੂੜਾ ।
ਆਖਣਾ ਤੇ ਸਾਡੇ ਜੀ ਲਾਲ ਨੂੰ ਘਰ ਜੋਬਨ ਗੂੜਾ ।
ਚਰਖਾ ਤੇ ਮੇਰਾ ਜੀ ਰਾਂਗਲਾ ਕਿਸੇ ਘਾੜੂ ਦਾ ਘੜਿਆ ।
ਪਿਆ ਪੁਰਾਣਾ ਜੀ ਹੋ ਗਿਆ ਕਿਸੇ ਅੱਗੇ ਨਾ ਧਰਿਆ ।
ਮੈਂ ਵਰਾਗਣ ਜੀ ਤੇਰੀ ਆਂ ਤੂੰ ਘਰ ਆ ਲਾਲ ਮੇਰੇ ।
ਰੁੱਤਾਂ ਆਈਆਂ, ਰਾਂਗਲੀਆਂ ਕਿੱਥੇ ਜਾ ਲਾ ਲਏ ਡੇਰੇ ।
ਉੱਚਾ ਤੇ ਪਿਪਲਾ ਜੀ ਝਟਕਾ ਲਗਰਾਂ ਲੈਣ ਹੁਲਾਰੇ ।
ਆਖਣਾ ਤੇ ਸਾਡੇ ਜੀ ਲਾਲ ਨੂੰ ਸਾਨੂੰ ਮਨੋਂ ਨਾ ਵਸਾਰੇ ।
ਉੱਚੀ ਤੇ ਮਾੜੀ ਜੀ ਰਾਂਗਲੀ ਉਤੇ ਚਿੜੀਆਂ ਦਾ ਜੋੜਾ ।
ਇਕ ਤੇ ਚਿੜੀ ਜੀ ਉੱਡ ਗਈ ਦੂਜੀ ਪੈ ਗਿਆ ਵਿਛੋੜਾ ।
ਹੱਥੀ ਤੇ ਮਹਿੰਦੀ ਜੀ ਰਾਂਗਲੀ ਬਾਹੀਂ ਨੌਂ ਰੰਗ ਚੂੜਾ ।
ਆਖਣਾ ਤੇ ਸਾਡੇ ਜੀ ਲਾਲ ਨੂੰ ਘਰ ਜੋਬਨ ਗੂੜਾ ।

---

1. ਸੰਘਣੀਆਂ ਟਾਹਲੀਆਂ ਵਾਲਾ ਪਿੱਪਲ 2. ਦੋਹਰੀ 3. ਤੀਹਰੀ
4. ਚੌਹਰੀ/ਚੌਗੁਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਚਾ ਪਿੱਪਲ ਝਾਟਲਾ

ਉੱਚਾ ਪਿਪਲ ਝਾਟਲਾ[1] ਟਾਹਣੀਆਂ ਝੁਰਮਟ ਪਾਇਆ।
ਕੋਠੇ ਚੜ੍ਹਕੇ ਵੇਖਦੀ ਨੌਕਰ[2] ਕਿਸ ਘਰ ਆਇਆ।
ਕੋਠਿਉਂ ਉਤਰ ਵੇਖਦੀ ਨੌਕਰ ਮਾਂ ਘਰ ਆਇਆ।
ਉੱਚਾ ਪਿੱਪਲ ਝਾਟਲਾ ਟਾਹਣੀਆਂ ਝੁਰਮਟ ਪਾਇਆ।
ਕੋਠੇ ਚੜ੍ਹਕੇ ਵੇਖਦੀ ਨੌਕਰ ਕਿਸ ਘਰ ਆਇਆ।
ਕੋਠਿਉਂ ਉਤਰ ਵੇਖਦੀ ਨੌਕਰ ਭੈਣਾਂ ਘਰ ਆਇਆ।
ਉੱਚਾ ਪਿੱਪਲ ਝਾਟਲਾ ਟਾਹਣੀਆਂ ਝੁਰਮਟ ਪਾਇਆ।
ਕੋਠੇ ਚੜ੍ਹਕੇ ਵੇਖਦੀ ਨੌਕਰ ਭਾਬੋ ਘਰ ਆਇਆ।
ਆਣਕੇ ਪਲੰਘੇ ਬਹਿ ਗਿਆ ਛੰਨਾ ਭਰਿਆ ਦੁੱਧ ਦਾ ਫੜਾਇਆ।
ਦੁੱਧ ਪੀ ਕੇ ਪੁਛਦਾ ਨੀ ਗੋਰੀਏ ਕਿਉਂ ਰੰਗ ਵਟਾਇਆ।
ਇਕ ਬਗਾਨੀ ਅੰਮੜੀ ਦੂਜਾ ਤੂੰ ਚਿਰ ਲਾਇਆ।
ਇਕ ਬਗਾਨੀ ਨੌਕਰੀ ਦੂਜਾ ਦੇਸ ਪਰਾਇਆ।
ਗੋਰੀਏ ਦੂਜਾ ਦੇਸ ਪਰਾਇਆ।
ਛਡਦੇ ਬਗਾਨੀ ਨੌਕਰੀ ਛਡਦੇ ਦੇਸ ਪਰਾਇਆ।
ਨੌਕਰਾ ਛਡਦੇ ਦੇਸ ਪਰਾਇਆ।

---

1. ਵੱਡਾ ਪਿੱਪਲ ਜਿਸ ਦੀਆਂ ਛੱਤਰੀ ਨੁਮਾ ਸੰਘਣੀਆਂ ਟਾਹਣੀਆਂ ਚੁਫੇਰੇ ਫੈਲੀਆਂ ਹੋਣ। 2. ਪਰਦੇਸੀ ਪਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਰੀਏ ਦਿਲ ਰੱਖ ਟਿਕਾਣੇ

ਬੀਬਾ ਠੂਠੀ ਘੜਾਈ ਘੜਾ ਡੱਬੇ ਪਾਈ
ਬੀਬਾ ਪਹਿਨਣ ਦੀ ਰੁੱਤ ਆਈ।

ਗੋਰੀਏ ਮੈਂ ਨੀ ਸੱਚਾਂ ਦਿਲ ਰੱਖ ਟਿਕਾਣੇ
ਗੋਰੀਏ ਲੋਕ ਦਿੰਦੇ ਬਦਰਾਈਆਂ[1] ।
ਬੀਬਾ ਲੋਕਾਂ ਦੀਆਂ ਬਦੀਆਂ
ਸ਼ਰੀਕਾਂ ਦੇ ਮਿਹਣੇ
ਬੀਬਾ ਤੇਰੇ ਪਿਛੇ ਜਿੰਦੇ ! ਸਹਿਣੇ।
ਬੀਬਾ ਟਿੱਕਾ ਘੜਾਇਆ ਘੜਾ ਡੱਬੇ ਪਾਇਆ
ਬੀਬਾ ਪਹਿਨਣ ਦੀ ਰੁੱਤ ਆਈ।

ਗੋਰੀਏ ਮੈਂ ਨਹੀਂ ਸੱਚਾ ਦਿਲ ਰੱਖ ਟਿਕਾਣੇ।
ਗੋਰੀਏ ਲੋਕ ਦਿੰਦੇ ਬਦਰਾਈਆਂ।
ਬੀਬਾ ਲੋਕਾਂ ਦੀਆਂ ਬਦੀਆਂ
ਸ਼ਰੀਕਾਂ ਦੇ ਮਿਹਣੇ
ਬੀਬਾ ਤੇਰੇ ਪਿਛੇ ਜਿੰਦੇ ! ਸਹਿਣੇ।
ਚੰਦ ਘੜਾਏ ਘੜਾ ਡੱਬੇ ਪਾਏ
ਬੀਬਾ ਪਹਿਨਣ ਦੀ ਰੁੱਤ ਆਈ

ਗੋਰੀਏ ਮੈਂ ਨੀ ਸੱਚਾ ਦਿਲ ਰੱਖ ਟਿਕਾਣੇ।
ਗੋਰੀਏ ਲੋਕ ਦਿੰਦੇ ਬਦਰਾਈਆਂ।
ਬੀਬਾ ਲੋਕਾਂ ਦੀਆਂ ਬਦੀਆਂ
ਸ਼ਰੀਕਾਂ ਦੇ ਮਿਹਣੇ
ਬੀਬਾ ਤੇਰੇ ਪਿਛੇ ਜਿੰਦੇ ! ਸਹਿਣੇ।

---

1. ਬਦਨਾਮੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੜ ਚੁਬਾਰੇ ਖੇਹਨੂੰ ਖੇਡਦੀ

ਚੜ ਚੁਬਾਰੇ ਖੇਹਨੂੰ[1] ਖੇਡਦੀ
ਮੇਰਾ ਖੇਹਨੂੰ ਤੇ ਡਿੱਗ ਪਿਆ ਨਦੀਓਂ ਪਾਰ ਵੇਰ ।

ਨੀਲੇ ਤੇ ਘੋੜੇ ਵਾਰੀ ਜਾਂਦਿਆ !
ਮੇਰਾ ਖੇਹਨੂੰ ਤੇ ਜਾਣਾ ਈ ਫੜਾ ।

ਕਿਹੋ ਜਿਹਾ ਗੋਰੀਏ ਖੇਹਨੂੜਾ,
ਗੋਰੀਏ ਕਿਹੋ ਜਿਹੀ ਜੜਤ ਜੜਾਈ ਜੇ ।

ਲਾਜ ਪੱਟੇ[2] ਦਾ ਮੇਰਾ ਖੇਹਨੂੜਾ;
ਬੀਬਾ ਮੋਤੀਆਂ ਜੜਤ ਜੜਾਈ ਵੇ ।

ਲੋਕੀਂ ਤੇ ਚਲੀਆਂ ਵਾਰੀ ਪੇਕੜੇ,
ਬੀਬਾ ਸਾਨੂੰ ਵੀ ਚੜ ਗਿਆ ਚਾਅ ਜੂ ਵੇ ।

ਚੁੱਕੋ ਕਹਾਰੋ[3] ਇਹਦੀ ਡੋਲੜੀ,
ਮੇਰੀ ਨਾਜੋ ਨੂੰ ਪੇਕੇ ਪੁਚਾ ਦਿਉ ।

ਕੀ ਕੁਝ ਦੇਨੀਆਂ ਪੱਤਣ ਬੇੜੀਆਂ
ਗੋਰੀਏ ਕੀ ਕੁਝ ਦੇਨੀ ਆ ਪਾਰ ਲੰਘਾਈ ਵੇ ।

ਹੱਥ ਦਾ ਦਿੰਨੀਆ ਵਾਰ ਮੁੰਗਰਾ[4]
ਬੀਬਾ ਗਲ ਦਾ ਦਿੰਨੀ ਆ ਚੰਨਣਹਾਰ[5] ਵੇ ।

ਵਾਰੀ ਮੱਥੇ ਦਾ ਦਿੰਨੀਆ ਟਿੱਕਾ ਵੇ
ਨਾਲੇ ਚੰਦ[6] ਤੇ ਬੰਦ[7] ਨਾਲ ਵੇ ।

---

1. ਵੱਖ ਵੱਖ ਰੰਗਾਂ ਦੇ ਕਪੜਿਆਂ ਦੀਆਂ ਲੀਰਾਂ ਦਾ ਹੱਥ ਨਾਲ ਬਣਾਇਆ ਖਿੱਦੋ/ਗੇਂਦ 2. ਲਾਲ ਪੱਟ 3. ਡੋਲੀ ਚੁਕਣ ਵਾਲੇ 4. ਹੱਥ ਦੀ ਮੁੰਦਰੀ 5. ਗਲ ਦਾ ਵੱਡਾ ਹਾਰ 6. ਮੱਥੇ ਅਤੇ ਸਿਰ ਦਾ ਗਹਿਣਾ 7. ਹੱਥਾਂ ਦਾ ਗਹਿਣਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋਰ ਤੇ ਅੰਮਾਂ ਜਾਇਆ ਵੀਰ ਆ

ਕਾਹੇਂ ਦੀ ਗੜਵੀ ਵੇ ਰਾਜਾ ਕਾਹੇਂ ਦੀ ਡੋਰ,
ਕਾਹੇਂ ਦਾ ਬਣਿਆ ਵੇ ਮੇਰਾ ਖੇਹਨੂੰ ਆਂ ।
ਸੋਨੇ ਦੀ ਗੜਵੀ ਨੀ ਰਾਣੀ ਰੇਸ਼ਮ ਡੋਰ,
ਮੋਤੀਆਂ ਜੜਿਆ ਤੇਰਾ ਖੇਹਨੂੰ ਆਂ ।
ਦੇ ਦੇ ਨੀ ਰਾਣੀ ਸਾਡੇ ਪੰਜੇ ਹਥਿਆਰ,
ਅਸੀਂ ਤੇ ਜਾਣਾ ਨੀ ਸ਼ਿਕਾਰ ਨੂੰ ।
ਇਕ ਵੀ ਮਾਰੀਂ ਵੇ ਰਾਜਾ ਦੋ ਵੀ ਮਾਰੀਂ,
ਇਕ ਨਾ ਮਾਰੀਂ ਕਾਲੇ ਮੋਰ ਨੂੰ ।
ਚਿੜੀਆਂ ਵੀ ਮਾਰੀਂ ਰਾਜਾ ਸਭੇ ਜਨੌਰ,
ਇਕ ਨਾਂ ਮਾਰੀਂ ਵੇ ਕਾਲੇ ਮੋਰ ਨੂੰ ।
ਚਿੜੀਆਂ ਵੀ ਉੱਡ ਗਈਆ ਰਾਣੀ ਸਭੇ ਜਨੌਰ,
ਚੋਟ ਲਗੀ ਨੀ ਕਾਲੇ ਮੋਰ ਨੂੰ ।
ਉਠ ਨੀ ਰਾਣੀ ਉਠਕੇ ਕੁੰਡੜਾ ਖੋਲ,
ਰੱਖ ਲਈਏ ਨੀ ਕਾਲੇ ਮੋਰ ਨੂੰ ।
ਉਠ ਨੀ ਰਾਣੀ ਉਠ ਕੇ ਮੂੰਹ ਹੱਥ ਧੋ,
ਛਕ ਲਈਏ ਨੀ ਕਾਲੇ ਮੋਰ ਨੂੰ ।
ਸਿਰ ਦੁਖੇਂਦਾ ਰਾਜਾ ਮੂੰਹ ਹੁੰਦਾ ਪੀੜ,
ਛੱਕਿਆ ਨਹੀਂ ਜਾਂਦਾ ਵੇ ਕਾਲੇ ਮੋਰ ਨੂੰ ।
ਸੱਚ ਦੱਸੀਂ ਨੀ ਰਾਣੀ ਝੂਠ ਨਾ ਬੋਲ,
ਤੇਰੀਆਂ ਤੇ ਮੋਰ ਦੀਆਂ ਲੱਗ ਰਹੀਆਂ ।
ਸੱਚ ਦੱਸਾਂ ਵੇ ਰਾਜਾ ਝੂਠ ਨਾ ਬੋਲ
ਮੋਰ ਤੇ ਅੰਮਾ ਜਾਇਆ ਵੀਰ ਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਬੋ ਧੀ ਜੂ ਪਰਾਈ

ਕੈਂਠਾ ਘੜਣਾ ਦਿੱਤਾ ਬੁਤਗੀ[1] ਜੜਤ ਛੜਾਈ,
ਇਕ ਵੇਰਾਂ ਮਿਲ ਨੀ ਮਾਏ ਗੱਡੀ ਟੇਸ਼ਨ[2] ਤੇ ਆਈ ।

ਕੀਕਰ ਮਿਲਾਂ ਨੀ ਧੀਏ ਮਿਲੇ ਤੇਰੀ ਭਰਜਾਈ,
ਮਾਪੇ ਕੋਈ ਦਿਨ ਦੇ ਜੁੱਗ ਜੀਵਨ ਭਾਈ ।

ਭਾਬੋ ਨਾ ਮਿਲਦੀ ਭਾਬੋ ਧੀ ਜੂ ਪਰਾਈ,
ਉਠ ਕੇ ਮਿਲ ਲਾ ਵੀਰਾ ਤੇਰੇ ਮਾਂ ਪਿਉ ਜਾਈ ।

ਫੁੱਲ[2] ਘੜਣੇ ਦਿੱਤੇ ਠੂਠੀ ਜੜਤ ਜੜਾਈ,
ਇਕ ਵੇਰਾਂ ਮਿਲ ਨੀ ਮਾਏ ਗੱਡੀ ਟੇਸ਼ਨ ਤੇ ਆਈ ।

ਕੀਕਰ ਮਿਲਾਂ ਨੀ ਧੀਏ ਮਿਲੇ ਤੇਰੀ ਭਰਜਾਈ,
ਮਾਪੇ ਕੋਈ ਦਿਨ ਦੇ ਜੁੱਗ ਜੀਵਨ ਭਾਈ ।

ਚੰਦ ਘੜਨੇ ਦਿੱਤੇ ਟਿੱਕਾ ਜੜਤ ਜੜਾਈ
ਇਕ ਵੇਰਾਂ ਮਿਲ ਨੀ ਮਾਏ ਗੱਡੀ ਟੇਸ਼ਨ ਤੇ ਆਈ ।

ਕੀਕਰ ਮਿਲਾਂ ਨੀ ਧੀਏ ਮਿਲੇ ਤੇਰੀ ਭਰਜਾਈ,
ਮਾਪੇ ਕੋਈ ਦਿਨ ਦੇ ਜੁੱਗ ਜੀਵਨ ਭਾਈ ।

ਭਾਬੋ ਨਾ ਮਿਲਦੀ ਭਾਬੋ ਧੀ ਜੂ ਪਰਾਈ
ਉੱਠ ਕੇ ਮਿਲ ਲਾ ਵੀਰਾ ਤੇਰੇ ਮਾਂ ਪਿਉ ਜਾਈ ।

---

1. ਪੁਰਾਣੇ ਪੈਸੇ ਦੇ ਰੂਪ ਅਕਾਰ ਦੀ ਸੋਨੇ ਦੀ ਬਣੀ ਹੁੰਦੀ ਹੈ । ਧਾਗੇ ਵਿਚ ਤਿੰਨਾਂ ਪੰਜਾਂ ਜਾਂ ਸੱਤ ਪਰੋਕੇ ਗਲ ਵਿਚ ਪਾਈਆਂ ਜਾਂਦੀਆਂ ਸਨ । ਇਹ ਗਹਿਣਾ ਬਹੁਤ ਪ੍ਰਚਲਤ ਸੀ । 2. ਸਟੇਸ਼ਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਦਾ ਕੀਤਾ ਬਾਬਲਾ

ਰੁੱਤਾ ਤੇ ਫੁੱਲ ਗੁਲਾਬ ਦਾ ਵੇ ਝੋਲੀ ਡਿਗ ਪਿਆ,
ਨਾ ਮੈਂ ਸੁੱਤੀ ਨਾ ਜਾਗਦੀ ਮੌਜਾਂ ਮਾਣ ਗਿਆ ।
ਮੰਦਾ ਕੀਤਾ ਬਾਬਲਾ ਵੇ ਨਾਈਆਂ ਦੀ ਜੜ ਜਾਹ,
ਬਾਰਾਂ ਤੇ ਵਰਿਆਂ ਦਾ ਛੋਕਰਾ ਨੀ ਦਿੱਤੜ ਮੇਰੇ ਲੜ ਲਾ ।
ਵੇ ਚੱਪੇ ਮਿਣ ਮਿਣ ਵਰ ਪਾਲਿਆ ਵੇ ਕੀਤਾ ਛੈਲ ਜਵਾਨ,
ਹੁਣ ਵਰ ਖੇਡੇਗਾ ਗੇਂਦੀਆਂ,[1] ਮੈਂ ਖੱਟਿਆ ਕੀਹਦੜਾ ਖਾਹ ।
ਨੀ ਖੱਟਿਆ ਖਾਈਂ ਮੇਰੇ ਬਾਪ ਦਾ ਗੋਲੀ[2] ਹੋ ਕਮਾ,
ਜੇ ਸੱਸ ਮਾਰੇਗੀ ਬੋਲੀਆਂ ਨੀ ਤੂੰ ਪੇਕੇ ਜਾਹ ।
ਵੇ ਮੈਂ ਪੇਕੇ ਢੋਲਾ ਨਾ ਜਾਵਾਂ ਪੇਕੇ ਵੱਸਣ ਕੁਆਰੀਆਂ,
ਰੁੱਖੀ ਮਿੱਸੀ ਖਾ ਕੇ ਢੋਲਾ ਵੱਸੂ ਸ਼ਰੀਕੇ ਦੇ ਨਾਲ ।
ਮੰਦਾ ਕੀਤਾ ਸੌਹਰਿਆ ਪੁੱਤ ਘੱਲਿਆ ਪ੍ਰਦੇਸ ਜੀ,
ਆਪ ਚੜ ਸਉਂਨਾ ਏਂ ਮਾੜੀਆਂ ਨੂੰਹ ਤੇਰੀ ਮਹਿਲਾਂ ਦੇ ਹੇਠ ਜੀ ।
ਛੱਤੋਂ ਡਿੱਗ ਪਈ ਵਤਨ ਗਨੀ[3] ਬੈਠੀ ਤ੍ਰੈ ਵਲ ਪਾ,
ਸੁੰਞੇ ਮਹਿਲ ਡਰਾਵਣੇ ਵੇ ਬਰਕਤ[4] ਮਰਦਾਂ ਦੇ ਨਾਲ ।
ਰੱਤਾ ਤੇ ਫੁੱਲ ਗੁਲਾਬ ਦਾ ਵੇ ਝੋਲੀ ਡਿਗ ਪਿਆ,
ਨਾ ਮੈਂ ਸੁੱਤੀ ਨਾ ਜਾਗਦੀ ਮੌਜਾਂ ਮਾਣ ਗਿਆ ।
ਮੰਦਾ ਕੀਤਾ ਬਾਬਲਾ ਪਾਂਧੇ ਦੀ ਜੜ ਜਾਹ,
ਬਾਰਾਂ ਵਰ੍ਹਿਆਂ ਦਾ ਛੋਕਰਾ ਨੀ ਦਿੱਤੜ ਮੇਰੇ ਲੜ ਲਾ ।

---

1. ਗੇਂਦ/ਖਿੱਦੋ 2. ਦਾਸੀ/ਨੌਕਰਾਣੀ/ਗੁਲਾਮ 3, ਨਾਗਨੀ/ਸੱਪਣੀ
4. ਖੁਸ਼ਹਾਲੀ/ਵਾਧਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਪਿਆਂ ਨੇ ਜ਼ੁਲਮ ਕੀਤਾ

ਮਾਪਿਆਂ ਨੇ ਜ਼ੁਲਮ ਕੀਤਾ ਸਾਨੂੰ ਸਾਰੰਗੀ ਵਾਲੇ ਦੇ ਲੜ ਲਾਇਆ
ਬੋਲ ਵਾਹਿਗੁਰੂ ਸਾਨੂੰ ਸਾਰੰਗੀ ਵਾਲੇ ਦੇ ਲੜ ਲਾਇਆ ।
ਪਹਿਲੇ ਦਿਨ ਮੰਗਣ ਗਿਆ ਕਿਸੇ ਤੱਤੀ ਨੇ ਖੈਰ[1] ਨਾ ਪਾਇਆ ।
ਬੋਲ ਵਾਹਿਗੁਰੂ ਕਿਸੇ ਤੱਤੀ ਨੇ ਖੈਰ ਨਾ ਪਾਇਆ ।
ਦੂਜੇ ਦਿਨ ਮੰਗਣ ਗਿਆ ਨੀ ਸਾਰੰਗੀ ਗਵਾ ਘਰ ਆਇਆ
ਬੋਲ ਵਾਹਿਗੁਰੂ ਸਾਰੰਗੀ...
ਤੀਜੇ ਦਿਨ ਮੰਗਣ ਗਿਆ ਰਿਹਾ ਭੁੱਖ ਤੇ ਤਿਹਾਇਆ
ਬੋਲ ਵਾਹਿਗੁਰੂ ਰਿਹਾ...
ਚੌਥੇ ਦਿਨ ਮੰਗਣ ਗਿਆ ਕਿਸੇ ਚੰਦਰੀ ਦੁਪਹਿਰੇਂ ਗੱਲੀਂ ਲਾਇਆ
ਬੋਲ ਵਾਹਿਗੁਰੂ ਕਿਸੇ...
ਸਹੇਲੀਆਂ ਨੇ ਆਣ ਦਸਿਆ ਤੇਰਾ ਲਾਲ ਗੱਡੀ ਵਿਚ ਰੋਵੇ
ਬੋਲ ਵਾਹਿਗੁਰੂ ਤੇਰਾ...
ਛੌਣੀ ਛੌਣੀ ਪੁਛਦੀ ਫਿਰਾਂ ਕਿਹੜੀ ਛੌਣੀਂ ਚ ਲਵਾ ਲਿਆ ਨਾਵਾਂ
ਬੋਲ ਵਾਹਿਗੁਰੂ ਕਿਹੜੀ...
ਮਾਪਿਆਂ ਨੇ ਜ਼ੁਲਮ ਕੀਤਾ ਨੀ ਸਾਨੂੰ ਵੰਝਲੀ ਵਾਲੇ ਦੇ ਲੜ ਲਾਇਆ
ਬੋਲ ਵਾਹਿਗੁਰੂ ਸਾਨੂੰ...
ਪਹਿਲੇ ਦਿਨ ਬੇਲੇ ਗਿਆ ਨੀ ਮਿੱਠਾ ਰਾਗ ਸੁਣਾ ਕੇ ਆਇਆ
ਬੋਲ ਵਾਹਿਗੁਰੂ ਮਿੱਠਾ...
ਦੂਜੇ ਦਿਨ ਖੱਟਣ ਗਿਆ ਨੀ ਖਾਲੀ ਕੰਨੀਆਂ[2] ਤੇ ਹੋਇਆ ਸਫਾਇਆ
ਬੋਲ ਵਾਹਿਗੁਰੂ ਖਾਲੀ...
ਤੀਜੇ ਦਿਨ ਮੰਗਣ ਗਿਆ ਨੀ ਉਹਨੂੰ ਖੈਰ ਕਿਸੇ ਨਾ ਪਾਇਆ
ਬੋਲ ਵਾਹਿਗੁਰੂ ਉਹਨੂੰ...
ਮਾਪਿਆਂ ਨੇ ਜ਼ੁਲਮ ਕੀਤਾ ਨੀ ਸਾਨੂੰ ਸਾਰੰਗੀ ਵਾਲੇ ਦੇ ਲੜ ਲਾਇਆ
ਬੋਲ ਵਾਹਿਗੁਰੂ ਨੀ...

1, ਭਿਛਿਆ 2. ਦੁਪੱਟੇ ਦੇ ਪੱਲੇ; ਲੰਮਾ ਸਮਾਂ ਪੈਸਿਆਂ ਨੂੰ ਪਰਸ ਜਾਂ ਬਟੂਏ ਦੀ ਥਾਂ ਦੁਪੱਟੇ ਜਾਂ ਪੱਗ ਦੇ ਲੜ ਨਾਲ ਬੰਨ੍ਹ ਕੇ ਸੰਭਾਲਣ ਦਾ ਰਿਵਾਜ਼ ਰਿਹਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਂਧੇ ਪੱਤਰੀ

ਮੋਤੀਆਂ ਥਾਲ ਲਾਇ ਕੇ, ਲਾਇਕੇ ਜਾਨੀਆ ਪਾਂਧਾ ਜੀ ਦੇ ਪਾਸ
ਮੋਤੀਆਂ ਥਾਲ ਲਾਇਕੇ ।
ਖੋਲੀਂ ਪਾਂਧਾ ਪੱਤਰੀ, ਕਦੋਂ ਘਰ ਆਵੇ ਮੇਰਾ ਲਾਲ ਖੋਲੀਂ ਪਾਂਧਾ ਪੱਤਰੀ
ਖੋਲੀਂ ਪਾਂਧਾ ਪੱਤਰੀ ।
ਪਾਂਧੇ ਖੋਲੀਂ ਪੱਤਰੀ, ਤੁਰਿਆ ਨੀ ਆਉਂਦਾ ਤੇਰਾ ਲਾਲ ਪਾਂਧੇ ਬੋਲੀ ਪੱਤਰੀ ।
ਨੀ ਅੰਦਰੋਂ ਕੁੰਡਾ ਖੋਲ੍ਹ ਦੇ,
ਬਾਹਰ ਖਲੋਤਾ ਤੇਰਾ ਲਾਲ ਅੰਦਰੋਂ ਕੁੰਡਾ ਨਾ ਖੋਲ੍ਹ ਦੇ ।
ਵੇ ਅੰਦਰੋਂ ਕੁੰਡਾ ਨਾ ਖੁੱਲੇ, ਗੋਦੀ ਤੇ ਖੇਡੇ ਮੇਰਾ ਬਾਲ ਅੰਦਰੋਂ ਕੁੰਡਾ ਨਾ ਖੁਲੇ ।
ਅੰਦਰ ਵੜਕੇ ਪੁਛਦਾ, ਪੁਛਦਾ ਕਿਥੋਂ ਲਿਆਂਦਾ ਨੀ ਛੋਟਾ ਬਾਲ,
ਅੰਦਰ ਵੜਕੇ ਪੁਛਦਾ ।
ਅੰਬਰਸਰ ਦੇ ਮੇਲੇ ਗਈ ਉਥੋਂ ਲਿਆਂਦਾ ਜੀ ਛੋਟਾ ਬਾਲ
ਅੰਬਰਸਰ ਦੇ ਮੇਲੇ ਗਈ ।
ਹਟ ਬਜ਼ਾਰ ਮੈਂ ਫਿਰਾਂ, ਮੈਂ ਫਿਰਾਂ ਕਿਤੋਂ ਨਾ ਮਿਲਦਾ ਛੋਟਾ ਬਾਲ
ਹੱਟ ਬਜ਼ਾਰ ਮੈਂ ਫਿਰਾਂ ।
ਕੱਢ ਬਰਛੀ ਮਾਰਿਆ ਮਾਰਿਆ ਟੋਟੇ ਹੋ ਗਏ ਚਾਰ, ਕੱਢ ਬਰਛੀ ਮਾਰਿਆ
ਕਿੱਲੀ ਲਹਿੰਗਾ ਰਹਿ ਗਿਆ, ਰਹਿ ਗਿਆ ਗੋਰੀ ਤੇ ਦਿੱਤੀ ਜੂ ਵਸਾਰ
ਕਿੱਲੀ ਲਹਿੰਗਾ ਰਹਿ ਗਿਆ ।
ਬਾਲਕ ਰੋਂਦਾ ਰਹਿ ਗਿਆ ਜਿਹਦੀ ਤੇ ਮਾਰ ਦਿੱਤੀ ਮਾਂ
ਨੀ ਬਾਲਕ ਰੋਂਦਾ ਰਹਿ ਗਿਆ ।
ਨੀ ਬਾਲਕ ਰੋਂਦਾ ਰਹਿ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਲ ਦੀਆਂ ਬਾਤੀਂ

ਕਿਨਸ ਸੁਣਿਆ ਕਿਨਸ, ਆਣ ਸੁਣਾਇਆ ਈ,
ਤੇਰਾ ਤੇ ਲਾਲ ਭਾਬੋ ਪੱਤਨਾਂ ਤੇ ਆਇਆ ਈ।
ਦੇਵਰ ਨੇ ਸੁਣਿਆ ਨਣਦੇ, ਆਣ ਸੁਣਾਇਆ ਈ,
ਤੇਰਾ ਤੇ ਲਾਲ ਭਾਬੋ .
ਕਾਹੇਂ ਦੀ ਬੇੜੀ ਕਾਹੇਂ, ਵੰਝ[1] ਪਵਾਇਆ ਈ,
ਸੋਨੇ ਦੀ ਡੋਰੀ ਰੁੱਪੇ ਵੰਝ ਪਵਾਇਆ ਈ।
ਰੇਸ਼ਮ ਦੀਆਂ ਡੋਰਾਂ ਸਿੰਘ ਜੀ, ਪਾਰ ਲੰਘਾਇਆ ਈ।
ਅਸਾਂ ਤੇ ਸੁਣਿਆ ਸਿੰਘ ਜੀ, ਬਹੁਤ ਤਿਹਾਇਆ ਈ,
ਤੇਰੀਆਂ ਤੇ ਸਈਆਂ ਸਾਨੂੰ ਦੁੱਧ ਪਿਆਇਆ ਈ।
ਅਸਾਂ ਤੇ ਸੁਣਿਆ ਸਿੰਘ ਜੀ, ਬਹੁਤ ਭੁਖਾਇਆ ਈ,
ਤੇਰੀਆਂ ਤੇ ਸਈਆਂ ਸਾਨੂੰ ਭੋਜਨ ਛਕਾਇਆ ਈ।
ਆਏ ਸੋ ਰਾਤੀਂ ਚੜ੍ਹ ਸੁੱਤੇ ਸਬਾਤੀਂ[2] ਜੀ,
ਤੁਸਾਂ ਨਾ ਸੁਣੀਆਂ ਸਾਡੇ ਦਿਲ ਦੀਆਂ ਬਾਤੀਂ ਜੀ।
ਆਏ ਸੋ ਨੇਤੇ ਤੁਰ, ਚਲੇ ਓ ਸਵੇਰੇ ਜੀ,
ਦਸਕੇ ਤੇ ਜਾਣਾ ਕੀ ਔਗੁਣ ਵਿਚ ਮੇਰੇ ਜੀ।
ਔਗੁਣ ਤੇ ਗੋਰੀਏ ਤੈਥੋਂ ਬਹੁਤਾ ਈ ਹੋਇਆ ਨੀ,
ਪੇਕਿਆਂ ਘਰ ਰਹਿ ਕੇ ਗੋਰੀਏ ਸੁਰਮਾ ਕਿਉਂ ਪਾਇਆ ਜੀ।
ਇਕ ਗਲੋਚਣ[3] ਜੀ ਮੈਂ, ਦੋ ਨੈਣੀ ਪਾਇਆ ਜੀ,
ਪੇਕਿਆਂ ਘਰ ਰਹਿ ਕੇ ਸਾਨੂੰ ਮਿਹਣਾ ਸੁਣਾਇਆ ਈ।
ਇਕ ਸਲਾਈ ਜੀ ਮੈਂ, ਦੋ ਨੈਣੀ ਪਾਈ ਜੀ;
ਪੇਕਿਆਂ ਘਰ ਰਹਿ ਕੇ ਸਾਨੂੰ ਬੋਲੀ ਕਿਉਂ ਲਾਈ ਜੀ।
ਦੋ ਦੋ ਸਲਾਈਆਂ ਤੇਰੀਆਂ, ਭੈਣਾਂ ਨੇ ਪਾਈਆਂ ਜੀ,
ਦੋ ਦੋ ਸਲਾਈਆਂ ਸਾਰੀ ਉਮਰ ਹੰਢਾਈਆਂ ਜੀ।
ਇਕ ਸਲਾਈ ਅਸੀਂ ਦੋ ਨੈਣੀਂ ਪਾਈ ਜੀ
ਇਕੋ ਸਲਾਈ ਸਾਡੀ ਰੋ ਰੋ ਕਢਾਈ ਜੀ।

---

1. ਬਾਂਸ ਦਾ ਸੋਟਾ 2. ਰਸੋਈ/ਚੌਂਤਰਾ 3. ਸੁਰਮਚੂ/ਸੁਰਮਾ ਪਾਉਣ ਵਾਲੀ ਸਲਾਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਮਨ ਡੋਲਿਆ ਈ

ਕਾਲੀਆਂ ਗੋਰੀਆਂ ਸੌਂਕਣਾਂ ਨੀ ਭੈਣੋ ਮੇਰੀਉ ਨੀ,
ਦੋਹਾਂ ਦਾ ਬਹੁਤ ਪਿਆਰ ਮੇਰਾ ਮਨ ਡੋਲਿਆ ਈ ।

ਦੇ ਦੇ ਨੀ ਸੱਸੂ ਦੀਵੜਾ ਨੀ ਸੱਸੂ ਮੇਰੀਏ ਨੀ, ਪਾਈਂ ਨਣਾਨੇ ਤੇਲ
ਮੇਰਾ ਮਨ ਡੋਲਿਆ ਈ ।

ਹੈਂ ਨਹੀਂ ਨੀ ਨੋਹੇਂ ਦੀਵੜਾ ਮੀ ਨੌਂਹੇ ਮੇਰੀਏ ਨੀ,
ਹੈ ਨਹੀਂ ਨੀ ਭਾਬੋ ਤੇਲ ਮੇਰਾ ਮਨ ਡੋਲਿਆ ਈ ।

ਕਾਲੀ ਚਲੀ ਛੇਜ ਤੇ ਨੀ ਭੈਣੋ ਮੇਰੀਉ ਨੀ,
ਲਾਇ ਕੇ ਹਾਰ ਸ਼ਿੰਗਾਰ ਮੇਰਾ ਮਨ ਡੋਲਿਆ ਈ ।

ਪਹਿਲੇ ਤੇ ਡੰਡੇ ਮੈਂ ਚੜੀ ਜੀ ਜਾਂਞੀ[1] ਮੇਰਿਉ ਜੀ,
ਪੈਰੋਂ ਤੇ ਡਿੱਗੀ ਪੰਜੇਬ ਮੇਰਾ ਮਨ...

ਦੂਜੇ ਤੇ ਡੰਡੇ[2] ਮੈਂ ਚੜੀ ਜੀ ਜਾਂਞੀ ਮੇਰਿਉ ਜੀ,
ਗੱਲ ਚੋਂ ਡਿੱਗ ਪਿਆ ਹਾਰ ਮੇਰਾ ਮਨ ..

ਤੀਜੇ ਤੇ ਡੰਡੇ ਮੈਂ ਚੜ੍ਹੀ ਜੀ ਜਾਂਞੀ ਮੇਰਿਉ ਜੀ,
ਜੀ ਕੁੱਤੇ ਤੇ ਭੌਂਕਣ ਬਜ਼ਾਰ ਮੇਰਾ ਮਨ ..

ਚੌਥੇ ਤੇ ਡੰਡੇ ਮੈਂ ਚੜ੍ਹੀ ਜੀ ਜਾਂਞੀ ਮੇਰਿਉ ਜੀ,
ਹੱਥ ਚੋਂ ਬੁੱਝੀ ਮਸਾਲ ਮੇਰਾ ਮਨ...

ਕਿੱਥੇ ਤੇ ਲਾਹ ਦਈਏ ਡੋਡਣਾ[3] ਜੀ ਜਾਂਞੀ ਮੇਰਿਉ ਜੀ,
ਕਿੱਥੇ ਤੇ ਬਹਿ ਜਾਈਏ ਆਪ ਮੇਰਾ ਮਨ ..

ਕਿੱਲੀ ਤੇ ਲਾਹ ਦਈਏ ਡੋਡਣਾ ਜੀ ਨਾਜੋ[4] ਮੇਰੀਏ ਨੀ,
ਪੀਹੜੇ ਤੇ ਬਹਿ ਜਾਈਏ ਆਪ ਮੇਰਾ ਮਨ...

---

1. ਮਾਹੀ/ਪਤੀ; ਜੰਞ/ਬਰਾਤ ਜਨੇਤ ਵਿਚ ਸ਼ਾਮਲ ਵਿਅਕਤੀਆਂ ਨੂੰ ਕਿਹਾ ਜਾਂਦਾ ਹੈ ਪਰ ਲੋਕ ਗੀਤਾਂ ਵਿਚ ਮਾਹੀ ਢੋਲੇ ਨੂੰ ਵੀ ਇਸ ਸ਼ਬਦ ਨਾਲ ਸੰਬੋਧਿਤ ਕਰਨ ਦੇ ਵੇਰਵੇ ਪ੍ਰਾਪਤ ਹੋਏ ਹਨ। 2. ਪੌੜੀ ਦਾ ਡੰਡਾ 3. ਫੁੱਲਕਾਰੀ ਦੇ ਨਾਲ ਇਕ ਹੋਰ ਦੁਪੱਟਾ ਜੋੜਕੇ ਜ਼ਾਂ ਦੋ ਦੁਪੱਟੇ ਜੋੜਕੇ ਸਿਰ ਤੇ ਲਿਆ ਜਾਣ ਵਾਲਾ। ਪੰਜਾਬ ਦੇ ਪਿੰਡਾਂ ਵਿਚ ਸਵਾਣੀਆਂ ਘੱਗਰਿਆਂ ਦੇ ਨਾਲ ਸਿਰ ਤੇ ਡੋਡਣੇ ਲੈਂਦੀਆਂ ਸਨ। 4. ਪਤਨੀ/ਜੀਵਣ ਸਾਥਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਹੜੇ ਆਏ ਤੇਰੇ ਬੂਹੇ ਚੱਲਕੇ ਜੀ ਜਾਂਵੀ ਮੇਰਿਉ ਜੀ,
ਆਇਆਂ ਦੀ ਕਦਰ ਨਾ ਹੋ ਮੇਰਾ ਮਨ...

ਗੋਰੀ ਚੱਲੀ ਛੇਜ ਤੋ ਜੀ ਜਾਂਵੀ ਮੇਰਿਉ ਜੀ,
ਲਾਏ ਕੇ ਹਾਰ ਸ਼ਿੰਗਾਰ ਮੇਰਾ ਮਨ ਖਿੜ ਰਿਹਾ ਈ।

ਪਹਿਲੇ ਡੰਡੇ ਮੈਂ ਚੜ੍ਹੀ ਜੀ ਜਾਂਵੀ ਮੇਰਿਉ ਜੀ,
ਪੈਰ ਦੀ ਲੱਭੀ ਪੰਜੇਬ ਮੇਰਾ ਮਨ ਖਿੜ...

ਦੂਜੇ ਡੰਡੇ ਮੈਂ ਚੜ੍ਹੀ ਜੀ ਜਾਂਵੀ ਮੇਰਿਉ ਜੀ,
ਲੱਭਾ ਨੌਂ ਲੱਖਾ ਹਾਰ ਮੇਰਾ ਮਨ ਖਿੜ...

ਤੀਜੇ ਤੇ ਡੰਡੇ ਮੈਂ ਚੜ੍ਹੀ ਜੀ ਜਾਂਵੀ ਮੇਰਿਉ ਜੀ,
ਝਿਲਮਿਲ ਹੋਈ ਬਜ਼ਾਰ ਮੇਰਾ ਮਨ ਖਿੜ ..

ਚੌਥੇ ਤੇ ਡੰਡੇ ਮੈਂ ਚੜੀ, ਜਾਂਵੀ ਮੇਰਿਉ ਜੀ,
ਚਾਣਨ ਲਈ ਬਹਾਰ ਮੇਰਾ ਮਨ ਖਿੜ...

ਕਿਥੇ ਤੇ ਲਾਹ ਦਈਏ ਡੋਡਣਾ ਜੀ ਜਾਂਵੀ ਮੇਰਿਉ ਜੀ,
ਕਿਥੇ ਤੇ ਬਹਿ ਜਾਈਏ ਆਪ ਮੇਰਾ ਮਨ ਖਿੜ...

ਕਿੱਲੀ ਤੇ ਲਾਹ ਦਈਏ ਡੋਡਣਾ ਜੀ ਨਾਜੋ ਮੇਰੀਏ ਨੀ,
ਪਲੰਘੇ ਤੇ ਬਹਿ ਜਾਈਏ ਆਪ ਮੇਰਾ ਮਨ ਖਿੜ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀਆਂ ਡੱਬੇ ਡੱਬੇ ਵੇ ਜੰਜੀਰੀਆਂ

ਲਾਲ ਵੇ ਮੇਰੀਆਂ ਡੱਬੇ ਡੱਬੇ ਵੇ ਜੰਜੀਰੀਆਂ, ਜੰਜੀਰੀਆਂ
ਮੇਰਾ ਕਿੱਲੀ ਕਿੱਲੀ ਫੁੱਲਾਂ ਹਾਰ ਵੇ ।
ਲਾਲ ਵੇ, ਮੇਰਾ ਡੱਬਾ ਟੁੱਟੇ ਜਿੰਦ ਨਾ ਡੋਲੇ, ਨਾ ਡੋਲੇ
ਮੇਰਾ ਹਾਰ ਟੁੱਟੇ ਜਿੰਦ ਨਾਲ ਵੇ ।
ਲਾਲ ਵੇ ਮੇਰੇ ਚੰਦ ਘੜੀਦੇ ਦਿੱਲੀ ਆਗਰੇ, ਦਿੱਲੀ ਆਗਰੇ
ਮੇਰੇ ਟਿੱਕੇ ਦਾ ਡੇਢ ਹਜ਼ਾਰ ਵੇ ।
ਲਾਲ ਵੇ ਮੇਰੇ ਬੰਦ ਘੜੀਦੇ ਦਿੱਲੀ ਆਗਰੇ, ਦਿੱਲੀ ਆਗਰੇ
ਮੇਰੇ ਕੜਿਆਂ ਦਾ ਡੇਢ ਹਜ਼ਾਰ ਵੇ ।
ਲਾਲ ਵੇ ਮੇਰੇ ਫੁੱਲ ਘੜੀਦੇ ਦਿੱਲੀ ਆਗਰੇ, ਦਿੱਲੀ ਆਗਰੇ
ਮੇਰੀ ਠੂਠੀ ਦਾ ਡੇਢ ਹਜ਼ਾਰ ਵੇ ।
ਲਾਲ ਵੇ ਮੇਰੀਆਂ ਬੁੱਗਤੀਆਂ[1] ਘੜੀਦੀਆਂ ਦਿੱਲੀ ਆਗਰੇ, ਦਿੱਲੀ ਆਗਰੇ
ਮੇਰੀਆਂ ਤਵੀਤੜੀਆਂ[2] ਦਾ ਡੇਢ ਹਜ਼ਾਰ ਵੇ ।
ਲਾਲ ਵੇ ਮੇਰੀਆਂ ਪੰਜੇਬਾਂ ਘੜੀਦੀਆਂ ਦਿੱਲੀ ਆਗਰੇ, ਦਿੱਲੀ ਆਗਰੇ
ਮੇਰਿਆਂ ਸਗਲਿਆ[3] ਦਾ ਡੇਢ ਹਜ਼ਾਰ ਵੇ ।
ਲਾਲ ਵੇ ਮੇਰੀਆਂ ਡੱਬੇ ਡੱਬੇ ਵੇ ਜੰਜੀਰੀਆਂ, ਜੰਜੀਰੀਆਂ
ਮੇਰਾ ਕਿੱਲੀ ਕਿੱਲੀ ਫੁੱਲਾਂ ਹਾਰ ਵੇ ।
ਲਾਲ ਵੇ, ਮੇਰਾ ਡੱਬਾ ਟੁੱਟੇ ਜਿੰਦ ਨਾ ਡੋਲੇ, ਨਾ ਡੋਲੇ
ਮੇਰਾ ਹਾਰ ਟੁੱਟੇ ਜਿੰਦ ਨਾਲ ਵੇ ।

---

1. ਗੱਲ ਦਾ ਗਹਿਣਾ
2. ਗੱਲ ਦਾ ਸੋਨੇ ਦਾ ਗਹਿਣਾ; ਬੁਗਤੀਆਂ ਵਾਂਗ ਧਾਗੇ ਵਿਚ ਪਰੋ ਕੇ ਪਾਈਆਂ ਜਾਂਦੀਆਂ ਹਨ ਇਨ੍ਹਾਂ ਦਾ ਆਕਾਰ ਛੋਟਾ ਹੁੰਦਾ ਹੈ ।
3. ਪੈਰਾਂ ਦਾ ਚਾਂਦੀ ਦਾ ਬਣਿਆ ਗਹਿਣਾ । ਪੰਜਾਬਣਾਂ ਪੈਰਾਂ ਵਿਚ ਚਾਂਦੀ ਦੇ ਕਈ ਪ੍ਰਕਾਰ ਦੇ ਗਹਿਣੇ ਜਿਵੇਂ ਪੰਜੇਬਾਂ, ਝਾਂਜਰਾਂ, ਪਟੜੀਆਂ, ਕੜੀਆਂ ਅਤੇ ਸਗਲੇ ਪਾਉਂਦੀਆਂ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਢਲ ਪਰਛਾਵੇਂ ਚਰਖਾ ਡਾਹਿਆ

ਢਲ ਪਰਛਾਵੇਂ, ਚਰਖਾ ਡਾਹਿਆ ਅੜੀਏ ਮੈਨੂੰ ਕਿਨਸ ਮਾਰੀ ਆ ਝਾਤ
ਵੇ ਲੈ ਦਸੀਂ ਅੜਿਆ ਮੈਨੂੰ ਕਿਨਸ ਮਾਰੀ ਆ ਝਾਤ।
ਝਾਤ ਮਾਰਨ ਵਾਲਿਆ, ਵੇ ਬੀਬਾ ਦਸਕੇ ਜਾਵੀਂ ਆਪਣੀ ਜਾਤ
ਵੇ ਲੈ ਦਸੀਂ ਅੜਿਆ ਦਸਕੇ ਜਾਵੀਂ ਆਪਣੀ ਜਾਤ।
ਜਾਤ ਦਾ ਸੁਨਿਅਰਾ, ਅੜੀਏ ਮੈਂ ਤਾਂ ਕੀ ਲਿਆਵਾਂ ਸੁਗਾਤ
ਲੈ ਨੀ ਦਸੀਂ ਅੜੀਏ...
ਸੱਸ ਮੇਰੀ ਲਈ, ਬੰਦ ਲਿਆਵੀਂ ਵੇ ਜਿਹੜੇ ਸੋਹਣਗੇ ਗੋਰੀ ਵੀਣੀ ਨਾਲ
ਵੇ ਲੈ ਦਸੀਂ ਅੜਿਆ ..
ਨਣਦ ਮੇਰੀ ਲਈ, ਪਰੀਬੰਦ[1] ਲਿਆਵੀਂ ਜਿਹੜਾ ਸੋਹੇਗਾ ਚੂੜੇ ਦੇ ਵਿਚਕਾਰ
ਵੇ ਲੈ ਦਸੀਂ ਅੜਿਆ ਜਿਹੜਾ...
ਜਿਠਾਣੀ ਮੇਰੀ ਲਈ, ਹਾਰ ਲਿਆਵੀਂ ਜਿਹੜਾ ਸੋਹੇਗਾ ਗਲਮੇ ਦੇ ਨਾਲ
ਵੇ ਲੈ ਦਸੀਂ ਅੜਿਆ...
ਸੌਹਰੇ ਮੇਰੇ ਲਈ, ਕੜਾ ਲਿਆਵੀਂ ਜਿਹੜਾ ਸੋਹੇਗਾ ਬਾਹੇਂ ਦੇ ਨਾਲ
ਵੇ ਲੈ ਦਸੀਂ ਅੜਿਆ...
ਦੇਰ ਮੇਰੇ ਲਈ, ਮੁੰਦਰੀ ਲਿਆਵੀਂ ਜਿਹੜੀ ਸੋਹੇਗੀ ਸੋਹਣੀ ਉਂਗਲੀ ਨਾਲ
ਵੇ ਲੈ ਦਸੀਂ ਅੜਿਆ ..
ਆਪ ਮੇਰੇ ਲਈ, ਟਿੱਕਾ ਲਿਆਵੀਂ ਵੇ ਜਿਹੜਾ ਸੋਹੇਗਾ ਮੱਥੇ ਵਿਚਕਾਰ
ਵੇ ਲੈ ਦਸੀਂ ਅੜਿਆ ..
ਪਤੀ ਮੇਰੇ ਲਈ ਕੈਂਠਾ ਲਿਆਵੀਂ ਵੇ ਜਿਹੜਾ ਸੋਹੇਗਾ ਗਲਮੇ ਦੇ ਨਾਲ
ਵੇ ਲੈ ਦਸੀਂ ਅੜਿਆ...
ਪਹਿਲੀ ਰਾਤੇ ਵੀ ਨਾ ਆਵੀਂ ਵੇ ਅੜਿਆ ਮੇਰੀ ਸੱਸ ਸੁਤੀ ਸੌਹਰਾ ਜਾਗ
ਵੇ ਲੈ ਦਸੀਂ ਅੜਿਆ...
ਦੂਜੀ ਰਾਤੇ ਵੀ ਨਾ, ਆਵੀਂ ਅੜਿਆ ਮੇਰਾ ਜੇਠ ਸੁੱਤਾ ਜਿਠਾਣੀ ਜਾਗ
ਵੇ ਲੈ ਦਸੀਂ ਅੜਿਆ...

---

1. ਬਾਹ ਦਾ ਗਹਿਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜੀ ਰਾਤੇ ਵੀ ਨਾ, ਆਵੀਂ ਅੜਿਆ ਮੇਰਾ ਦਿਉਰ ਖੜਾ ਵਿਚਕਾਰ
ਵੇ ਲੈ ਦਸੀਂ ਅੜਿਆ...
ਚੌਥੀ ਰਾਤੇ ਵੀ ਨਾ, ਆਵੀਂ ਅੜਿਆ ਮੈਂ ਆਪ ਸੁੱਤੀ ਪਤੀ ਜਾਗ
ਵੇ ਲੈ ਦਸੀਂ ਅੜਿਆ...
ਪੰਜਵੀਂ ਰਾਤੇ ਵੀ ਨਾ, ਆਵੀਂ ਅੜਿਆ ਮੇਰੀ ਨਣਦੇ ਨੇ ਲਾਇਆ ਭੰਡਾਰਾ[1]
ਵੇ ਲੈ ਦਸੀਂ ਅੜਿਆ...
ਛੇਵੀਂ ਰਾਤੇ, ਆ, ਜਾਵੀਂ ਅੜਿਆ ਮੇਰਾ ਪਤੀ ਸੁੱਤਾ ਮੈਂ ਜਾਗ
ਵੇ ਲੈ ਦਸੀਂ ਅੜਿਆ...
ਰਾਤ ਘਰ ਆਉਂਦਿਆਂ ਨੂੰ ਦਿਤਾ ਜੱਟੀ ਈ ਕੋਰਾ ਜਵਾਬ
ਵੇ ਲੈ ਦਸੀਂ ਅੜਿਆ...
ਗੰਢੜੀ ਤੇ ਇਹਦੀ, ਖੋਹ ਲਈਏ ਜੀ ਇਹਨੂੰ ਕਰ ਦਈਏ ਛਿੱਤਰਾਂ ਦੀ ਮਾਰ
ਵੇ ਲੈ ਦਸੀਂ ਅੜਿਆ...
ਕੋਠੇ ਕੋਠੇ, ਸੁਨਿਆਰੀ ਆਈ ਨੀ ਦੋ ਮੇਰੇ ਵੰਡੇ[2] ਦੀਆਂ ਮਾਰ
ਵੇ ਲੈ ਦਸੀਂ ਅੜਿਆ...
ਇਹੋ ਗਹਿਣਾ ਸੁਨਿਆਰੀ ਪਾਵੇ ਭਾਵੇਂ ਦਿਨੇ ਵੇਖਾਂ ਭਾਵੇਂ ਰਾਤ
ਵੇ ਲੈ ਦਸੀਂ ਅੜਿਆ...
ਘਰ ਆਉਂਦੇ ਨੂੰ, ਸੁਨਿਆਰੀ ਪੁੱਛੇ ਬਾਜੀ ਜਿੱਤੀ ਕਿ ਆਇਓਂ ਹਾਰ
ਵੇ ਲੈ ਦਸੀਂ ਅੜਿਆ...

---

1. ਤ੍ਰਿੰਞਣ ਕੁੜੀਆਂ ਦਾ ਰਲ ਕੇ ਚਰਖਾ ਕੱਤਣਾ; ਚਾਰ ਪਹਿਰਾਂ ਦਾ ਭੰਡਾਰ ਕੱਚਾ ਹੁੰਦਾ ਹੈ, ਪੱਕਾ ਭੰਡਾਰ ਅੱਠ ਪਹਿਰ ਚਰਖੇ ਕੱਤ ਕੇ ਲਾਇਆ ਜਾਂਦਾ ਹੈ !
2. ਹਿੱਸੇ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਨੀ ਲਿਸ਼ਕਣ ਕਾਂਟੇ

ਪੰਜ ਸੱਤ ਕੁੜੀਆਂ ਕੰਨੀ ਲਿਸ਼ਕਣ ਕਾਂਟੇ,
ਪੰਜ ਸੱਤ ਕੁੜੀਆਂ ਕੰਨੀ ਲਿਸ਼ਕਣ ਕਾਂਟੇ,
ਭੱਠ ਦਾਣੇ ਭਨਾਵਣ ਚੱਲੀਆਂ ਨੇ।
ਇਕ ਭੱਠ ਗਿੱਲਾ ਨੀ ਦੂਜਾ ਬਾਲਣ ਸਿਲ੍ਹਾ,
ਇਕ ਭੱਠ ਗਿੱਲਾ ਨੀ ਦੂਜਾ ਬਾਲਣ ਸਿਲ੍ਹਾ,
ਤੀਜਾ ਆਸ਼ਕਾਂ ਗਲੀਆਂ ਮੱਲੀਆਂ ਨੇ।
ਫੁੱਲੇ ਫੁੱਲੇ ਤੇ ਰੋਲ[1] ਲਏ ਆਸ਼ਕਾਂ ਨੇ,
ਫੁੱਲੇ ਫੁੱਲੇ ਤੇ ਰੋਲ ਲਏ ਆਸ਼ਕਾਂ ਨੇ।
ਰੋੜ[2] ਲੈ ਘਰਾਂ ਨੂੰ ਚੱਲੀਆਂ ਨੇ।
ਇਕ ਚਾਦਰ ਵਾਲੀ ਇਕ ਬੁਰਕੇ ਵਾਲੀ,
ਇਕ ਚਾਦਰ ਵਾਲੀ ਇਕ ਬੁਰਕੇ ਵਾਲੀ,
ਚਾਦਰ ਵਾਲੀ ਨੇ ਅੱਖੀਆਂ ਮਾਰੀਆਂ ਨੇ।
ਬੁਰਕੇ ਵਾਲੀ ਨੇ ਅੱਖੀਆਂ ਫੇਰੀਆਂ ਨੇ।
ਬੁਰਕੇ ਵਾਲੀ ਨੇ ਅੱਖੀਆਂ ਫੇਰੀਆਂ ਨੇ।
ਪੰਜ ਸੱਤ ਕੁੜੀਆਂ ਕੰਨੀ ਲਿਸ਼ਕਣ ਕਾਂਟੇ
ਭੱਠ ਦਾਣੇ ਭਨਾਵਣ ਚੱਲੀਆਂ ਨੇ।
ਇਕ ਭੱਠ ਗਿੱਲਾ ਨੀ ਦੂਜਾ ਬਾਲਣ ਸਿਲ੍ਹਾ,
ਤੀਜਾ ਆਸ਼ਕਾ ਗਲੀਆਂ ਮੱਲੀਆਂ ਨੀ।

---

1. ਉਪਰੋਂ ਉਪਰੋਂ ਵੱਖ ਕਰ ਲੈਣੇ 2. ਚੱਬਣ ਵਿਚ ਸਖਤ ਦਾਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਲੇ ਤੇ ਜਾਣਾ ਜ਼ਰੂਰ ਨੀ

ਚੰਦ ਘੜਾਉਂਦੀ ਨੂੰ ਪੁੱਛਦਾ ਕੁੜੀਏ ਨੀ ਅਛਰੋ ਕੁੜੀਏ ਨੀ ਅੱਛਰੋ,
ਮੇਲੇ ਤੇ ਜਾਣਾ ਜ਼ਰੂਰ ਨੀ ।
ਤੇਰੇ ਨਾਲ ਮੇਲੇ ਮੈਂ ਨਾ ਜਾਵਾਂ ਮੁੰਡਿਆ ਵੇ ਅੱਛਰਾ ਮੁੰਡਿਆ ਵੇ ਅੱਛਰਾ,
ਲੋਕੀਂ ਕਰਨ ਵਿਚਾਰ[1] ਵੇ ।
ਨਿੱਕਿਆਂ ਹੁੰਦਿਆਂ ਦੀ ਦੋਸਤੀ ਕੁੜੀਏ ਨੀ ਅੱਛਰੋ ਨੀ ਅੱਛਰੋ,
ਹੁਣ ਕਿਉਂ ਦੇਨੀ ਏਂ ਜਵਾਬ ਨੀ !
ਬੰਦ ਘੜਾਉਂਦੀ ਨੂੰ ਪੁਛਦਾ ਕੁੜੀਏ ਨੀ ਅੱਛਰੋ ਕੁੜੀਏ ਨੀ ਅੱਛਰੋ,
ਮੇਲੇ ਤੇ ਜਾਣਾ ਜ਼ਰੂਰ ਨੀ ।
ਤੇਰੇ ਨਾਲ ਮੇਲੇ ਮੈਂ ਨਾ ਜਾਵਾਂ ਮੁੰਡਿਆ ਵੇ ਅੱਛਰਾ ਮੁੰਡਿਆ ਵੇ ਅੱਛਰਾ,
ਲੋਕੀਂ ਕਰਨ ਵਿਚਾਰ ਵੇ ।
ਨਿੱਕਿਆਂ ਹੁੰਦਿਆਂ ਦੀ ਦੋਸਤੀ ਕੁੜੀਏ ਨੀ ਅੱਛਰੋ ਕੁੜੀਏ ਨੀ ਅੱਛਰੋ,
ਹੁਣ ਕਿਉਂ ਦੇਨੀ ਏ ਜਵਾਬ ਨੀ ।
ਠੂਠੀ ਘੜਾਉਂਦੀ ਨੂੰ ਪੁਛਦਾ ਕੁੜੀਏ ਨੀ ਅੱਛਰੋ ਕੁੜੀਏ ਨੀ ਅੱਛਰੋ,
ਮੇਲੇ ਤੇ ਜਾਣਾ ਜ਼ਰੂਰ ਨੀ ।
ਤੇਰੇ ਨਾਲ ਮੇਲੇ ਮੈਂ ਨਾ ਜਾਵਾ ਮੁੰਡਿਆ, ਮੁੰਡਿਆ ਵੇ ਅੱਛਰਾ
ਲਕੀਂ ਕਰਨ ਵਿਚਾਰ ਵੇ ।
ਨਿੱਕਿਆਂ ਹੁੰਦਿਆਂ ਦੀ ਦੋਸਤੀ ਕੁੜੀਏ ਨੀ ਅਛਰੋ ਕੁੜੀਏ ਨੀ ਅਛਰੋ
ਹੁਣ ਕਿਉਂ ਦੇਨੀ ਏ ਜਵਾਬ ਨੀ ।

---

1. ਵੱਖ ਵੱਖ ਤਰ੍ਹਾਂ ਦੀਆਂ ਗੱਲਾਂ ਬਾਰੇ ਸੋਚਣਾ/ਸ਼ੱਕ ਕਰਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਤਾ ਫੁੱਲ ਗੁਲਾਬ ਦਾ

ਰੱਤਾ ਤੇ ਫੁੱਲ ਨੀ ਗੁਲਾਬ ਦਾ ਨੀ ਫੁੱਲ ਕੇਸਰੀ ਦਾ,
ਖਿੜਿਆ ਈ ਮਾਲੀ ਦੇ ਬਾਗ ਨੈਣਾਂ ਖੇੜੇ ਹੋ ਰਹੀਆਂ।
ਸਾਡਾ ਤੇ ਤੋੜਿਆ ਫੁੱਲ ਨਾ ਟੁੱਟੇ ਵੇ ਫੁੱਲ ਕੇਸਰੀ ਦਾ,
ਆਂਦਾ ਈ ਮਾਲਣ ਤੋੜ, ਨੈਣਾਂ ਖੇੜੇ ਹੋ ਰਹੀਆਂ।
ਖਾਰੀ[1] ਦੇ ਵਿਚ ਫੁੱਲ ਨਾ ਨਿਵੇਂ ਵੇ ਫੁੱਲ ਕੇਸਰੀ ਦਾ,
ਆਂਦਾ ਈ ਹਸਤ[2] ਚੜ੍ਹਾ ਨੈਣਾਂ ਖੇੜੇ ਹੋ ਰਹੀਆਂ।
ਬੂਹੇ ਦੇ ਥਾਣੀਂ ਫੁੱਲ ਨਾ ਲੰਘੇ ਵੇ ਫੁੱਲ ਕੇਸਰੀ ਦਾ,
ਆਂਦਾ ਈ ਕੰਧ ਟਪਾ, ਨੈਣਾਂ ਖੇੜੇ ਹੋ ਰਹੀਆਂ।
ਰਸ ਤੇ ਲਾਵਾਂ ਤੇਰੀ ਪੱਗੜੀ ਫੁੱਲ ਕੇਸਰੀ ਦਾ,
ਫੋਗ[3] ਸੁੱਟਾਂ ਪਿਛਵਾੜ, ਨੈਣਾਂ ਖੇੜੇ ਹੋ ਰਹੀਆਂ।
ਫੋਗ ਨੂੰ ਖਾ ਗਈਆਂ ਕੀੜੀਆਂ ਵੇ ਫੁੱਲ ਕੇਸਰੀ ਦਾ,
ਰਸ ਤੇ ਲਾਈ ਆ ਬਹਾਰ, ਨੈਣਾਂ ਖੇੜੇ ਹੋ ਰਹੀਆਂ।
ਮੋਤੀ ਤੇ ਪਾਉਨੀ ਆਂ ਸੁੱਕਣੇ ਵੇ ਫੁੱਲ ਕੇਸਰੀ ਦਾ,
ਲੋਕਾਂ ਦੇ ਭਾਣੇ ਜਵਾਰ ਨੇੜੇ ਖੇੜੇ ਹੋ ਰਹੀਆਂ।
ਸ਼ਕਰ ਤੇ ਪਾਉਨੀ ਆਂ ਸੁੱਕਣੇ ਨੀ ਫੁੱਲ ਕੇਸਰੀ ਦਾ,
ਲੋਕਾਂ ਦੇ ਭਾਣੇ ਵਿਸਾਰ[4] ਨੈਣਾਂ ਖੇੜੇ ਹੋ ਰਹੀਆਂ।
ਲੋਕੀਂ ਤੇ ਕਮਲੇ ਕੀ ਜਾਣਦੇ ਵੇ ਫੁੱਲ ਕੇਸਰੀ ਦਾ,
ਮਾਵਾਂ ਤੇ ਧੀਆਂ ਦੀ ਸਾਰ ਨੈਣਾਂ ਖੇੜੇ ਹੋ ਰਹੀਆਂ।
ਤੂੰ ਸ਼ੀਸ਼ਾ ਵੇ ਮੈਂ ਆਰਸੀ[5] ਫੁੱਲ ਕੇਸਰੀ ਦਾ,
ਵੇਖੀਏ ਵਾਰੋ ਵਾਰ ਨੈਣਾਂ ਖੇੜੇ ਹੋ ਰਹੀਆਂ।
ਤੂੰ ਮੋਤੀ ਤੇ ਮੈਂ ਲਾਲੜੀ[6] ਫੁੱਲ ਕੇਸਰੀ ਦਾ
ਵਿਕੀਏ ਅੰਤ ਬਜਾਰ ਨੈਣਾਂ ਖੇੜੇ ਹੋ ਰਹੀਆਂ।
ਤੂੰ ਘੋੜਾ ਮੈਂ ਪਾਲਕੀ ਫੁੱਲ ਕੇਸਰੀ ਦਾ
ਚਲੀਏ ਹੰਸਾਂ ਦੀ ਚਾਲ ਨੈਣਾਂ ਖੇੜੇ ਹੋ ਰਹੀਆਂ।

---

1. ਟੋਕਰੀ 2. ਹੱਥ 3. ਵਾਧੂ ਬਚਿਆ ਭਾਗ 4. ਹਲਦੀ 5. ਸ਼ੀਸ਼ਾ/ ਇਸਤ੍ਰੀਆਂ ਦੇ ਬਾਹਵਾ ਦੇ ਗਹਿਣੇ ਨੂੰ ਵੀ ਕਿਹਾ ਜਾਂਦਾ ਹੈ। ਵਿਸ਼ੇਸ਼ ਕੀਮਤੀ ਨਗ ਜਿਸ ਵਿਚੋਂ ਆਪਣਾ ਅਕਸ ਵੇਖਿਆ ਜਾ ਸਕਦਾ ਹੈ। ਮੁੰਦਰੀ ਵਿਚ ਜੜਕੇ ਅੰਗੂਠੇ ਵਿਚ ਵੀ ਪਹਿਨਿਆ ਜਾਂਦਾ ਰਿਹਾ ਹੈ। 6. ਲਾਲ/ਮੋਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਆ ਵੇ ਮਲੂਕਾ

ਲਾਲ ਮਿੱਟੀ ਦਾ ਚੌਂਤਰਾ[1] ਉਤੇ ਗੁਲਾਨਾਰੀ ਬੂਟਾ
ਜੀ ਸ਼ਾਮਾ, ਉਤੇ ਗੁਲਾਡਾਰੀ ਬੂਟਾ ਜੀ ਲਾਲ ਵੇ ।
ਚਿੱਠੀਆਂ ਲਿੱਖ ਲਿੱਖ ਮੈਂ ਭੇਜਾਂ ਘਰ ਆ ਵੇ ਮਲੂਕਾ[2]
ਜੀ ਸ਼ਾਮਾ, ਘਰ ਆ ਵੇ ਮਲੂਕਾ ਜੀ ਲਾਲ ਵੇ ।
ਗੋਰੀਏ ਕੀ ਘਰ ਆਵਾਂ ਅਗੇ ਸਾਧਾਂ ਦਾ ਡੇਰਾ
ਨੀ ਗੋਰੀਏ, ਅਗੇ ਸਾਧਾਂ ਦਾ ਡੇਰਾ ਨੀ ਗੋਰੀਏ ।
ਭਗਵੇਂ[3] ਪਾ ਲਾ ਕਪੜੇ, ਸਾਧੂ ਬਣ ਆ ਜਾ
ਜੀ ਸ਼ਾਮਾ, ਸਾਧੂ ਬਣ ਘਰ ਆ ਜਾ, ਜੀ ਲਾਲ ਵੇ ।
ਗੋਰੀਏ ਕੀ ਘਰ ਆਵਾਂ ਅਗੇ ਫੌਜੀਆਂ ਦਾ ਡੇਰਾ
ਨੀ ਗੋਰੀਏ, ਅਗੇ ਫੌਜੀਆਂ ਦਾ ਡੇਰਾ ਨੀ ਗੋਰੀਏ ।
ਫੌਜੀ ਪਾ ਲਾ ਕਪੜੇ ਫੌਜੀ ਬਣ ਘਰ ਆ ਜਾ
ਜੀ ਸ਼ਾਮਾ, ਫੌਜੀ ਬਣ ਘਰ ਆ ਜਾ, ਜੀ ਲਾਲ ਵੇ
ਗੋਰੀਏ ਕੀ ਘਰ ਆਵਾਂ ਅਗੇ ਜੋਗੀਆਂ ਦਾ ਡੇਰਾ
ਨੀ ਗੋਤੀਏ, ਅਗੇ ਜੋਗੀਆਂ ਦਾ ਡੇਰਾ ਨੀ ਗੋਰੀਏ ।
ਕੰਨੀ ਪਾ ਲਾ ਮੁੰਦਰਾ, ਜੋਗੀ ਬਣ ਘਰ ਆ ਜਾ
ਜੀ ਸ਼ਾਮਾ ਜੋਗੀ ਬਣ ਘਰ ਆ ਜੀ ਲਾਲ ਵੇ ।
ਲਿੱਖ ਲਿੱਖ ਚਿੱਠੀਆਂ ਮੈਂ ਭੇਜਾਂ ਘਰ ਆ ਵੇ ਮਲੂਕਾ
ਜੀ ਸ਼ਾਮਾ, ਘਰ ਆ ਵੇ ਮਲੂਕਾ ।

---

1. ਚੌਂਕਾ/ਰਸੋਈ 2. ਨਾਜ਼ਕ ਪਤੀ ਲਈ ਸੰਬੋਧਨੀ ਸ਼ਬਦ 8. ਗੇਰੂਆ ਰੰਗ ਪਹਿਰਾਵਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਜੀਂ ਵਰਜੀਂ ਨੀਂ ਸੱਸੂ ਪੁੱਤਰ ਆਪਣੇ ਨੂੰ

ਵਰਜੀਂ[1] ਵਰਜੀਂ ਨੀ ਸੱਸੂ ਪੁੱਤਰ ਆਪਣੇ ਨੂੰ
ਵਰਜੀਂ ਵਰਜੀਂ ਨੀ ਸੱਸੂ ਪੁੱਤਰ ਆਪਣੇ ਨੂੰ
ਕਿ ਮਾਹੀ ਮੇਰਾ ਨੌਕਰ[2] ਜਾਂਦਾ ਈ ਨੀ,
ਧੀਏ ਜਾਂਦਾ ਈ ਤੇ ਜਾਏ
ਤੇਰਾ ਕੀ ਲੈ ਕੇ ਜਾਂਦਾ ਈ ਨੀ।
ਮਾਏ ਲੈ ਗਿਆ ਹਾਰ ਸ਼ਿੰਗਾਰ ਦਿਲਾਂ ਦੀਆਂ ਕੁੰਜੀਆਂ ਲੈ ਗਿਆ ਨੀ,
ਮੇਰੀ ਲੈ ਗਿਆ ਮੋਰਾਂ ਵਰਗੀ ਚਾਲ ਚਾਲ ਮੇਰੀ ਟੇਡੀ ਕਰ ਗਿਆ ਨੀ,
ਕੋਲਾਂ[3] ਵਰਗੇ ਬੋਲ ਬੋਲ ਮੇਰੇ ਨਿੰਮੇ ਕਰ ਗਿਆ ਨੀ।
ਵਰਜੀਂ ਵਰਜੀਂ ਨੀ ਜਠਾਣੀ ਦੇਰ ਆਪਣੇ ਨੂੰ
ਕਿ ਮਾਹੀ ਮੇਰਾ ਨੌਕਰ ਜਾਂਦਾ ਈ ਨੀ,
ਦਰਾਣੀਏ ਜਾਂਦਾ ਈ ਤੇ ਜਾਏ
ਤੇਰਾ ਕੀ ਲੈ ਕੇ ਜਾਂਦਾ ਈ ਨੀ।
ਜਠਾਣੀਏ ਲੈ ਗਿਆ ਹਾਰ ਸ਼ਿੰਗਾਰ ਦਿਲਾਂ ਦੀਆਂ ਕੁੰਜੀਆਂ ਲੈ ਗਿਆ ਨੀ,
ਮੇਰੀ ਲੈ ਗਿਆ ਮੋਰਾਂ ਵਰਗੀ ਚਾਲ ਚਾਲ ਮੇਰੀ ਟੇਡੀ ਕਰ ਗਿਆ ਨੀ,
ਕੋਲਾਂ ਵਰਗੇ ਬੋਲ ਬੋਲ ਮੇਰੇ ਨਿੰਮੇ ਕਰ ਗਿਆ ਨੀ।
ਵਰਜੀਂ ਵਰਜੀਂ ਨੀ ਨਣਦੇ ਵੀਰ ਆਪਣੇ ਨੂੰ
ਕਿ ਮਾਹੀ ਮੇਰਾ ਨੌਕਰ ਜਾਂਦਾ ਈ ਨੀ,
ਨੀ ਭਾਬੋ ਜਾਂਦਾ ਈ ਤੇ ਜਾਏ
ਤੇਰਾ ਕੀ ਲੈ ਕੇ ਜਾਂਦਾ ਈ ਨੀ।
ਨਣਦੇ ਲੈ ਗਿਆ ਹਾਰ ਸ਼ਿੰਗਾਰ ਦਿਲਾਂ ਦੀਆਂ ਕੁੰਜੀਆਂ ਲੈ ਗਿਆ ਨੀ,
ਮੇਰੀ ਲੈ ਗਿਆ ਮੋਰਾਂ ਵਰਗੀ ਚਾਲ ਚਾਲ ਮੇਰੀ ਟੇਡੀ ਕਰ ਗਿਆ ਨੀ,
ਕੋਲਾਂ ਵਰਗੇ ਬੋਲ ਬੋਲ ਮੇਰੇ ਨਿੰਮੇ ਕਰ ਗਿਆ ਨੀ।

---

1. ਰੋਕਣਾ/ਮਨ੍ਹਾਂ ਕਰਨਾ 2. ਨੌਕਰੀ ਲਈ ਜਾਣਾ 3. ਕੋਇਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡਾ ਸਬਰ ਫਰੰਗੀਆਂ ਨੂੰ ਮਾਰੇ

ਤੇਰੀ ਤੇਰੀ ਖਾਤਰ[1] ਚੀਰਾ ਰੰਗਾਇਆ,
ਬੈਠ ਦਹਿਲੀਜ਼ੇ ਪਹਿਨਣ ਕਿਉਂ ਨਹੀਂ ਆਇਆ।
ਤੁਸੀਂ ਪਹਿਨੋ ਜੀ ਲਾਲ ਹਮਾਰੇ,
ਭਰ ਦੇਂਦੀ ਪਿਆਲਾ ਪੀ ਲਓ ਚੀਰੇ ਵਾਲੇ।
ਦਾਰੂ ਪੀਤਿਆਂ ਕੀ ਵਡਿਆਈ,
ਹੋਠਾਂ ਦੀ ਜੜਤ ਬਾਂਕਿਆਂ ਨੈਣਾਂ ਵਾਲੀ।
ਦਾਰੂ ਪੀਤਿਆਂ ਕਲੇਜਾ ਸੜੇਗਾ,
ਭਰ ਜਵਾਨੀ ਕੋਈ ਰੋਗ ਲਗੇਗਾ।
ਸਾਡਾ ਸਬਰ ਫਰੰਗੀਆਂ ਨੂੰ ਮਾਰੇ,
ਨਾ ਦਿੰਦਾ ਛੁੱਟੀਆਂ ਨਾ ਤਲਬਾਂ[2] ਤਾਰੇ।
ਤੇਰੀ ਤੇ ਤੇਰੀ ਖਾਤਰ ਕੈਂਠਾ ਘੜਾਇਆ,
ਬੈਠ ਦਹਿਲ਼ੀਜੇ ਪਹਿਨਣ ਕਿਉਂ ਨਹੀਂ ਆਇਆ।
ਤੁਸੀਂ ਪਹਿਨੋ ਜੀ ਲਾਲ ਹਮਾਰੇ,
ਭਰ ਦੇਂਦੀ ਪਿਆਲਾ ਪੀ ਲਓ ਚੀਰੇ ਵਾਲੇ।
ਦਾਰੂ ਪੀਤਿਆਂ ਕੀ ਵਡਿਆਈ,
ਹੋਠਾਂ ਦੀ ਜੜਤ ਬਾਂਕਿਆਂ ਨੈਣਾਂ ਵਾਲੀ।
ਦਾਰੂ ਪੀਤਿਆਂ ਕਲੇਜਾ ਸੜੇਗਾ,
ਭਰ ਜਵਾਨੀ ਕੋਈ ਰੋਗ ਲਗੇਗਾ।
ਸਾਡਾ ਸਬਰ ਫਰੰਗੀਆਂ ਨੂੰ ਮਾਰੇ
ਨਾ ਦਿੰਦਾ ਛੁੱਟੀਆਂ ਨਾ ਤਲਬਾਂ ਤਾਰੇ।

---

1. ਲਈ 2. ਤਨਖਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੜ ਸੜ ਮਰਨ ਤੇਰੇ ਜੇਹੀਆਂ ਨਾਰਾਂ

ਕੈਂਠਾਂ ਘੜਾਉਨੀਆਂ ਲਾਲ ਹਮਾਰੇ
ਬੈਠ ਦਹਿਲੀਜੇ ਪਹਿਨੋ ਕਲਗੀ ਵਾਲੇ ।
ਪਹਿਨੋ ਪਹਿਨੋ ਜੀ ਲਾਲ ਹਮਾਰੇ
ਭਰੀਆਂ ਸ਼ਰਾਈਆਂ[1] ਪੀਓ ਠਾਣੇਦਾਰੇ ।
ਦਾਰੂ ਪੀਤਾ ਤੇ ਕੀ ਵਡਿਆਈ
ਨੈਣਾਂ ਦੀ ਗਰਦ ਬੁੱਲਾਂ ਪੁਰ ਆਈ ।
ਦਾਰੂ ਪੀਈਏ ਤੇ ਕਰੀਏ ਬਹਾਰਾਂ
ਸੜ ਸੜ ਮਰਨ ਤੇਰੇ ਜੇਹੀਆਂ ਨਾਰਾਂ ।
ਚੀਰਾ ਰੰਗਾਉਨੀਆਂ ਲਾਲ ਹਮਾਰੇ
ਬੈਠ ਦਹਿਲੀਜੇ ਪਹਿਨੋ ਕਲਗੀ ਵਾਲੇ ।
ਪਹਿਨੋ ਪਹਿਨੇ ਜੀ ਲਾਲ ਹਮਾਰੋ
ਭਰੀਆਂ ਸ਼ਰਾਈਆਂ ਪੀਉ ਠਾਣੇਦਾਰੇ ।
ਦਾਰੂ ਪੀਤਾ ਤੇ ਕੀ ਵਡਿਆਈ
ਨੈਣਾਂ ਦੀ ਗਰਦ ਬੁੱਲਾਂ ਪੁਰ ਆਈ ।
ਦਾਰੂ ਪੀਈਏ ਤੇ ਕਰੀਆਂ ਬਹਾਰਾਂ
ਸੜ ਸੜ ਮਰਨ ਤੇਰੇ ਜੇਹੀਆਂ ਨਾਰਾਂ

---

1. ਸੁਰਾਹੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਦ ਮੰਗਦਾ ਮਾਏ ਬੰਦ ਵੀ ਮੰਗਦਾ

ਚੰਦ ਵੀ ਮੰਗਦਾ ਮਾਏ ਬੰਦ ਵੀ ਮੰਗਦਾ,
ਨਾਲੇ ਮੰਗਦਾ ਮਾਏ ਬੋਤਲ ਸ਼ਰਾਬ ਦੀ ।
ਚੰਦ ਵੀ ਦੇ ਦੇ ਧੀਏ ਬੰਦ ਵੀ ਦੇ ਦੇ ਧੀਏ,
ਹੱਟ ਖੁਲ੍ਹਾ ਦੇ ਧੀਏ ਠੇਕੇਦਾਰ ਦਾ ।
ਚੰਦ ਨਾ ਦੇਂਦੀ ਮਾਏ ਬੰਦ ਨਾ ਦੇਂਦੀ ਮਾਏ,
ਹੱਟ ਨਾ ਖੁਲਾਉਂਦੀ ਮਾਏ ਠੇਕੇਦਾਰ ਦਾ ।
ਟਿੱਕਾ ਵੀ ਮੰਗਦਾ ਮਾਏ ਫੁੱਲ ਵੀ ਮੰਗਦਾ,
ਨਾਲੇ ਮੰਗਦਾ ਮਾਏ ਬੋਤਲ ਸ਼ਰਾਬ ਦੀ ।
ਟਿੱਕਾ ਦੇਂਦੇ ਧੀਏ ਫੁੱਲ ਵੀ ਦੇ ਦੇ ਧੀਏ,
ਹੱਟ ਖੁਲ੍ਹਾ ਦੇ ਧੀਏ ਠੇਕੇਦਾਰ ਦਾ ।
ਟਿੱਕਾ ਨਾ ਦੇਂਦੀ ਮਾਏ ਫੁੱਲ ਨਾ ਦੇਂਦੀ ਮਾਏ,
ਹੱਟ ਨਾ ਖੁਲਾਉਂਦੀ ਮਾਏ ਠੇਕੇਦਾਰ ਦਾ ।
ਠੂਠੀ ਮੰਗਦਾ ਮਾਏ ਕੜੇ ਮੰਗਦਾ ਮਾਏ,
ਨਾਲੇ ਮੰਗਦਾ ਮਾਏ ਬੋਤਲ ਸ਼ਰਾਬ ਦੀ ।
ਠੂਠੀ ਦੇ ਦੇ ਧੀਏ ਕੜੇ ਦੇ ਦੇ ਧੀਏ,
ਹੱਟ ਖੁਲ੍ਹਾ ਦੇ ਧੀਏ ਠੇਕੇਦਾਰ ਦਾ ।
ਟਿੱਕਾ ਨਾ ਦੇਂਦੀ ਮਾਏ ਕੜੇ ਨਾ ਦੇਂਦੀ ਮਾਏ,
ਹੱਟ ਨਾ ਖੁਲਾਉਂਦੀ ਮਾਏ ਠੇਕੇਦਾਰ ਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਜਣਾ ਦੀ ਦੱਸ ਪਵੇ

ਕਿੱਥੇ ਤੇ ਰੱਖਾਂ ਤੇਰੀਆਂ ਬੋਦਲਾਂ[1] ਵੇ ਦਾਰੂ ਪੀਣਿਆ ਵੇ,
ਕਿੱਥੇ ਤੇ ਰੱਖਾਂ ਵੇ ਗਲਾਸ
ਸੱਜਣਾਂ ਦੀ ਦੱਸ ਪਵੇ ।

ਉਚੇ ਤੇ ਰੱਖਾਂ ਤੇਰੀਆਂ ਬੋਦਲਾਂ ਵੇ ਦਾਰੂ ਪੀਣਿਆ ਵੇ,
ਨੀਵੇਂ ਤੇ ਰੱਖਾਂ ਵੇ ਗਲਾਸ
ਸੱਜਣਾਂ ਦੀ ਦੱਸ ਪਵੇ ।

ਕਿਥੇ ਤੇ ਲਾਵਾਂ ਟਾਲੀਆਂ ਨੀ ਜਿੰਦੇ ਮੇਰੀਏ ਨੀ,
ਕਿਥੇ ਤੇ ਲਾਇਆਂ ਸ਼ਤੂਤ
ਸੱਜਣਾਂ ਦੀ ਦੱਸ ਪਵੇ ।

ਉੱਚੇ ਤੇ ਲਾਵਾਂ ਟਾਹਲੀਆਂ, ਨੀ ਜਿੰਦੇ ਮੇਰੀਏ ਨੀ,
ਨੀਵੇਂ ਤੇ ਲਾਵਾਂ ਸ਼ਤੂਤ
ਸਜਣਾਂ ਦੀ ਦੱਸ ਪਵੇ ।

ਕੀ ਕੁਛ ਲੱਗਦਾ ਟਾਹਲੀਆਂ ਨੀ ਜਿੰਦ ਮੇਰੀਏ ਨੀ,
ਕੀ ਕੁਛ ਲੱਗਣ ਸ਼ਤੂਤ,
ਸੱਜਣਾਂ ਦੀ ਦੱਸ ਪਵੇ ।

ਟਾਹਲੀਆਂ ਲੱਗਣ ਵਾਲੀਆਂ ਨੀ ਜਿੰਦੇ ਮੇਰੀਏ ਨੀ,
ਸ਼ਤੂਤੀ ਲਗਣ ਸ਼ਤੂਤ
ਸੱਜਣਾਂ ਦੀ ਦੱਸ ਪਵੇ ।

---

1. ਬੋਤਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਖਰਬੂਜਾ ਬਾਰਾਂ ਜਣੀਆਂ

ਇਕ ਖਰਬੂਜਾ ਤੇ, ਬਾਰਾਂ ਜਣੀਆਂ ਫਾੜੀ ਫਾੜੀ ਨਾ ਆਵੇ
ਇਕ ਖਰਬੂਜਾ ਤੇ, ਬਾਰਾਂ ਜਣੀਆਂ ਫਾੜੀ ਫਾੜੀ ਨਾ ਆਵੇ।
ਇਕ ਤੇ ਫਾੜੀ ਮੈਂ, ਉਹਨੂੰ ਦਿੰਨੀਆਂ ਜਿਹੜਾ ਮੇਰਾ ਅੰਤ ਪਿਆਰਾ।
ਜੰਮੂ ਵਾਲੇ ਰਾਜੇ ਨੇ, ਚਿੱਠੀਆਂ ਭੇਜੀਆਂ ਨੌਕਰ ਸਭ ਜੱਗ ਆਵੇ।
ਦੇਰ ਵੀ ਘੱਲਦੀ, ਤੇ ਜੇਠ ਵੀ ਘੱਲਦੀ ਲਾਲ ਰਖਾਂ ਨੀ ਅਞਾਣਾ।
ਦਰਾਣੀ ਵੀ ਲੜਦੀ, ਜੇਠਾਣੀ ਵੀ ਲੜਦੀ ਲਾਲ ਘੱਲੇ ਦੀ ਪਰਾਏ।
ਦਰਾਣੀ ਵੀ ਲੜਦੀ, ਜੇਠਾਣੀ ਵੀ ਲੜਦੀ ਪੁੱਤਰ ਘੱਲੇ ਨੀ ਪਰਾਏ।
ਦਰੀਹਾ[1] ਘੱਲਦੀ ਤੇ ਜਠੀਹਾ[2] ਘੱਲਦੀ ਲਾਲ ਰਖਾਂ ਈ ਅਞਾਣਾ।
ਦੇਰ ਵੀ ਆਇਆ ਤੇ, ਜੇਠ ਵੀ ਆਇਆ ਆਈ ਮੇਰੇ ਮਾਹੀਏ ਦੀ ਵਾਰੀ।
ਦਰੀਹਾ ਵੀ ਆਇਆ, ਜਠੀਆ ਵੀ ਆਇਆ ਆਈ ਮੇਰੇ ਮਾਹੀਏ ਦੀ ਵਾਰੀ।
ਦਰਾਣੀ ਵੀ ਹੱਸਦੀ, ਜੇਠਾਣੀ ਵੀ ਹੱਸਦੀ ਨੀ ਮੈਂ ਫਿਰਾਂ ਨਿਮੋਝਾਣੀ।
ਪੰਜ ਰੁਪਈਏ ਮੈਂ, ਉਸ ਨੂੰ ਦੇਨੀ ਆਂ ਜਿਹੜਾ ਜਾਵੇ ਮਾਹੀਏ ਦੀ ਵਾਰੀ।
ਪੰਜ ਰੁਪਈਏ ਮੈਂ, ਉਹਦੇ ਤੋਂ ਵਾਰਾਂ ਜਿਹੜਾ ਜਾਵੇ ਮਾਹੀਏ ਦੀ ਵਾਰੀ।
ਲਾਲ ਦੁਸ਼ਾਲਾ ਮੈਂ, ਉਹਨੂੰ ਦੇਵਾਂ ਜਿਹੜਾ ਜਾਵੇ ਮਾਹੀਏ ਦੀ ਵਾਰੀ।
ਚਲਣ ਬੰਦੂਕਾਂ ਤੇ ਲਿਸ਼ਕਣ ਨੇਜੇ ਜਾਨ ਮੇਰੀ ਮੁੱਠ ਵਿਚ ਆਈ।
ਇਕ ਖਰਬੂਜਾ ਤੇ, ਬਾਰਾਂ ਜਣੀਆਂ ਫਾੜੀ ਫਾੜੀ ਨਾ ਆਵੇ।
ਇਕ ਤੇ ਫਾੜੀ ਮੈਂ ਉਹਨੂੰ ਦਿੰਨੀ ਆਂ ਜਿਹੜਾ ਮੇਰਾ ਅੰਤ ਪਿਆਰਾ।

---

1. ਦੇਰ ਦਾ ਪੁੱਤਰ 2. ਜੇਠ ਦਾ ਪੁੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਡਣ ਖਟੋਲੇ ਦਿਆ ਜੰਮਿਆਂ

ਕੈਂਠਾ ਤੈਨੂੰ ਵੇ ਬਣਦਾ[1] ਕਲਗੀ ਲਵੇ ਵੇ ਹੁਲਾਰੇ।
ਉੱਡਣ ਖਟੋਲੇ ਦਿਆ ਜੰਮਿਆਂ, ਹੀਰ ਜੰਮੀ ਸ਼ਹਿਰ ਵਟਾਲੇ।
ਵੇ ਇਥੇ ਮੇਰਾ ਜੀਅ ਨਹੀਂ ਲਗਦਾ ਲੈ ਚਲ ਦੇਸ ਹਮਾਰੇ।
ਕੈਂਠਾ ਤੈਨੂੰ ਵੇ ਬਣਦਾ ਧਾਗਾ ਲਏ ਵੇ ਹੁਲਾਰੇ।
ਉੱਡਣ ਖਟੋਲੇ ਦਿਆਂ ਜੰਮਿਆਂ ਹੀਰ ਜੰਮੀ ਸ਼ਹਿਰ ਵਟਾਲੇ।
ਵੇ ਇਥੇ ਮੇਰਾ ਜੀਅ ਨਹੀਂ ਲਗਦਾ ਲੈ ਚਲ ਦੇਸ ਹਮਾਰੇ।
ਘੋੜਾ ਤੈਨੂੰ ਵੇ ਬਣਦਾ ਕਾਠੀ ਲਏ ਵੇ ਹੁਲਾਰੇ।
ਉੱਡਣ ਖਟੋਲੇ ਦਿਆ ਜੰਮਿਆਂ, ਹੀਰ ਜੰਮੀ ਸ਼ਹਿਰ ਵਟਾਲੇ।
ਵੇ ਇਥੇ ਮੇਰਾ ਜੀਅ ਨਹੀਂ ਲਗਦਾ ਲੈ ਚੱਲ ਦੇਸ ਹਮਾਰੇ।
ਚੀਰਾ ਤੈਨੂੰ ਵੇ ਬਣਦਾ ਜੋੜਾ ਲਵੇ ਵੇ ਹੁਲਾਰੇ।
ਉੱਡਣ ਖਟੋਲੇ ਦਿਆ ਜੰਮਿਆਂ ਹੀਰ ਜੰਮੀ ਸ਼ਹਿਰ ਵਟਾਲੇ।
ਵੇ ਇਥੇ ਮੇਰਾ ਜੀਅ ਨਹੀਂ ਲਗਦਾ ਲੈ ਚਲ ਦੇਸ ਹਮਾਰੇ।
ਸ਼ਮਲਾ[2] ਤੈਨੂੰ ਵੇ ਬਣਦਾ ਮੁਰਕੀਆਂ[3] ਲੈਣ ਹੁਲਾਰੇ।
ਉਡਣ ਖਟੋਲੇ ਦਿਆ ਜੰਮਿਆਂ ਹੀਰ ਜੰਮੀ ਸ਼ਹਿਰ ਵਟਾਲੇ।
ਵੇ ਇਥੇ ਮੇਰਾ ਜੀਅ ਨਹੀਂ ਲਗਦਾ ਲੈ ਚਲ ਦੇਸ ਹਮਾਰੇ।

---

1. ਫੱਬਦਾ 2. ਪੱਗ ਦੀ ਇਕ ਪ੍ਰਚਲਤ ਕਿਸਮ/ਨਮੂਨਾ ਜਿਸ ਦਾ ਇਕ ਲੜ ਹੇਠਾਂ ਲਮਕਵਾਂ ਛਡਿਆ ਜਾਂਦਾ ਹੈ।

3. ਕੰਨਾਂ ਦਾ ਗਹਿਣਾ, ਮਰਦਾਂ ਵਿਚ ਵੀ ਸੋਨੇ ਦੀਆਂ ਮੁਰਕੀਆਂ ਪਾਉਣ ਦਾ ਰਿਵਾਜ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਂਝਾ ਰੁਸ ਨੀ ਗਿਆ

ਘੋੜਾ ਮਾਝੇ ਸੁਣੀਂਦਾ ਕਾਠੀ ਸੁੱਟ ਨੀ ਗਿਆ,
ਮੋੜੋ ਮੋੜੋ ਨੀ ਸਹੇਲੀਉ ਕਿਸੇ ਰਾਜੇ ਦੀਉ ਬੇਟੀਓ,
ਰਾਂਝਾ ਰੁਸ ਨੀ ਗਿਆ ।
ਇੱਕ ਫੁੱਲ ਨੀ ਗੁਲਾਬ ਦਾ,
ਬਾਗੀਂ ਖਿੱੜ ਨੀ ਗਿਆ ।
ਚੰਦਰਾ ਮਾਲੀ ਇਸ ਬਾਗ ਦਾ
ਜਿਹਨੇ ਤੋੜ ਨੀ ਲਿਆ ।
ਕੋਂਠਾ ਮਾਝੇ ਸੁਣੀਂਦਾ ਧਾਗਾ ਸੁੱਟ ਨੀ ਗਿਆ,
ਮੋੜੋ ਮੋੜੋ ਨੀ ਸਹੇਲੀਓ ਕਿਸੇ ਰਾਜੇ ਦੀਉ ਬੇਟੀਓ,
ਰਾਂਝਾ ਰੁਸ ਨੀ ਗਿਆ ।
ਇਕ ਫੁੱਲ ਨੀ ਗੁਲਾਬ ਦਾ
ਬਾਗੀਂ ਖਿੱੜ ਨੀ ਗਿਆ,
ਚੰਦਰਾ ਮਾਲੀ ਇਸ ਬਾਗ ਦਾ
ਜਿਹਨਿ ਤੋੜ ਨੀ ਲਿਆ ।
ਚੀਰਾ ਮਾਝੇ ਸੁਣੀਦਾ ਕਲਗੀ ਸੁੱਟ ਨੀ ਗਿਆ
ਮੋੜੋ ਮੋੜੋ ਸਹੇਲੀਓ ਕਿਸੇ ਰਾਜੇ ਦੀਉ ਬੇਟੀਓ
ਰਾਂਝਾ ਰੁਸ ਨੀ ਗਿਆ ।
ਇਕ ਫੁੱਲ ਨੀ ਗੁਲਾਬ ਦਾ
ਬਾਗੀਂ ਖਿੱੜ ਨੀ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਛੈਲ ਕੁੜੀ ਮੁਟਿਆਰ

ਮੈਂ ਕਾਂਟੇ ਵੇ ਘੜਾਏ ਤੋਲੇ ਚਾਰ ਕਾਂਟੇ ਫੱਬ ਵੇ ਗਏ,
ਮੇਰਾ ਵੇਖਣ ਵਾਲਾ ਨੀ ਲਾਲ ਤੁਰ ਪ੍ਰਦੇਸ ਗਿਆ।
ਇਕ ਛੈਲ ਕੁੜੀ ਮੁਟਿਆਰ ਉਹਨੇ ਗਲੀਂ[1] ਲਾ ਨੀ ਲਿਆ।
ਗਲੀਆਂ ਚ ਫਿਰੇ ਅਣਜਾਣ ਮੇਰੀ ਨਜ਼ਰੀਂ ਪੈ ਨੀ ਗਿਆ,
ਸਾਡੇ ਵਿਹੜੇ ਅੰਬਾਂ ਬੂਟੇ ਚਾਰ ਇਕ ਅੰਬ ਰਸ ਵੇ ਗਿਆ।
ਇਕ ਛੈਲ ਕੁੜੀ ਮੁਟਿਆਰ ਉਹਦੇ ਨਾਲ ਹੱਸ ਨੀ ਗਿਆ।
ਮੈਨੂੰ ਬੰਦ ਵੇ ਘੜਾਦੇ ਤੋਲੇ ਚਾਰ, ਬੰਦ ਸਾਨੂੰ ਫੱਬ ਵੇ ਗਏ।
ਮੇਰਾ ਵੇਖਣ ਵਾਲਾ ਲਾਲ ਤੁਰ ਪ੍ਰਦੇਸ ਗਿਆ।
ਇਕ ਛੈਲ ਕੁੜੀ ਮੁਟਿਆਰ ਉਹਨੇ ਗਲੀਂ ਲਾ ਨੀ ਲਿਆ।
ਗਲੀਆਂ ਚ ਫਿਰੇ ਮੁੰਡਾ ਅਣਜਾਣ ਮੇਰੀ ਨਜ਼ਰੀਂ ਪੈ ਨੀ ਗਿਆ।
ਸਾਡੇ ਵਿਹੜੇ ਅਨਾਰ ਬੂਟੇ ਚਾਰ ਫਲ ਸਾਰਾ ਰੁੜ੍ਹ ਨੀ ਗਿਆ।
ਇਕ ਛੈਲ ਕੁੜੀ ਮੁਟਿਆਰ ਉਹਦੇ ਨਾਲ ਤੁਰ ਨੀ ਗਿਆ।
ਮੂਰਖ ਢੋਲਾ ਅਣਜਾਣ ਉਹਲੇ ਹੋ ਨੀ ਗਿਆ।
ਇਕ ਛੈਲ ਕੁੜੀ ਮੁਟਿਆਰ ਉਹਨੇ ਲਾਲ ਮੋਹ ਨੀ ਲਿਆ।

---

1. ਗੱਲਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁੱਚਿਆਂ ਵਰਕਾਂ ਪੀਹੜਾ ਮੱਲਿਆ ਈ

ਅਸਾਂ ਠੂਠੀ ਘੜਾਈ ਫੁੱਲ ਬਲਾਕਾਂ[1] ਦੇ ਨਾਲ
ਸੁੱਚਿਆਂ ਵਰਕਾਂ[2] ਪੀਹੜਾ ਮੱਲਿਆ ਈ ਲੈ ਹਾਲ,
ਸੁੱਚਿਆਂ ਵਰਕਾਂ ਪੀਹੜਾ ਮੱਲਿਆ ਈ ।
ਸਾਡੀ ਸੱਸ ਬੜੀ ਬਦਕਾਰ,[3] ਉਹ ਤੇ ਲੜਦੀ ਆ ਸਾਡੇ ਨਾਲ ਲੈ ਹਾਲ,
ਅੱਧੜੀ ਰਾਤੀਂ ਪੁੱਤਰ ਘੱਲਿਆ ਈ
ਸੁੱਚਿਆਂ ਵਰਕਾਂ ਪੀਹੜਾ ਮੱਲਿਆ ਈ ।
ਉਹ ਤੇ ਲੰਘ ਗਿਆ ਪਤਣਾਂ ਤੋਂ ਪਾਰ, ਉਥੇ ਛੈਲ ਕੁੜੀ ਮੁਟਿਆਰ,
ਉਹਦਾ ਤੇ ਮਾਰਾ ਰਾਂਝਾ ਚਲਿਆ ਈ ਲੈ ਹਾਲ,
ਸੁੱਚਿਆਂ ਵਰਕਾਂ ਪੀਹੜਾ ਮੱਲਿਆ ਈ ।
ਉਹਦਾ ਤੇ ਮਾਰਾ ਰਾਂਝਾ ਚਲਿਆ ਈ, ਲੈ ਹਾਲ ।
ਬੇੜੀ ਦਾ ਪੱਤਣ ਰਾਂਝੇ ਮੱਲਿਆ ਈ ਲੈ ਹਾਲ,
ਸੁੱਚਿਆਂ ਵਰਕਾਂ ਪੀਹੜਾ ਮੱਲਿਆ ਈ।
ਅਸਾਂ ਕਾਂਟੇ ਘੜਾਏ ਫੁੱਲ ਬਲਾਕਾਂ ਦੇ ਨਾਲ
ਸੁੱਚਿਆਂ ਵਰਕਾਂ ਪੀਹੜਾ ਮੱਲਿਆ ਈ ਲੈ ਹਾਲ,
ਸੁਚਿਆਂ ਵਰਕਾਂ ਪੀਹੜਾ ਮੱਲਿਆ ਈ ।
ਸਾਡੀ ਨਣਦ ਬੜੀ ਹੁਸ਼ਿਆਰ, ਉਹ ਤੇ ਲੜਦੀ ਆ ਸਾਡੇ ਨਾਲ,
ਅੱਧੜੀ ਰਾਤੀਂ ਵੀਰਾ ਘੱਲਿਆ ਈ ਲੈ ਹਾਲ,
ਸੁੱਚਿਆਂ ਵਰਕਾਂ ਪੀਹੜਾ ਮੱਲਿਆ ਈ,
ਬੇੜੀ ਦਾ ਪੱਤਣ ਰਾਂਝੇ ਮੱਲਿਆ ਈ ।

---

1. ਸੋਨੇ ਦੇ ਨਿੱਕੇ ਨਿੱਕੇ ਪੱਤਰੇ ਜੋ ਜੰਜੀਰੀਆਂ ਦੇ ਕੁੰਡਿਆਂ ਵਿਚ ਪਾ ਕੇ ਲਟਕਾਏ ਜਾਂਦੇ ਹਨ । 2. ਸੋਨੇ ਦੇ ਬਹੁਤ ਬਰੀਕ ਚਪਟੇ ਪੱਤਰੇ । 3. ਬੁਰਾ ਆਚਰਣ ਹੋਣਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੀ ਤੇਰੀ ਖਾਤਰ ਜੀਨੀਆਂ ਰਾਂਝਾ

ਤੇਰੀ ਤੇਰੀ ਖਾਤਰ ਜੀਨੀਆਂ ਰਾਂਝਾ ਮੀਂਹ ਵਰਦੇ ਵਿਚ ਆਈ,
ਉਤੋਂ ਸਾਡਾ ਸਾਲੂ ਭਿਜ ਗਿਆ ਭਿਜ ਗਈ ਜਰਦ[1] ਕਿਨਾਰੀ ।
ਮੈਂ ਲੱਭਾਂ ਤੂੰ ਲੱਭਦਾ ਨਾਹੀਂ ਤੂੰ ਬੈਠਾ ਵਿਚ ਭਰਾਈ,[2]
ਮੈਂ ਸੰਤੋਖ ਜੀਨੀਆਂ ਰਾਂਝਾ ਰੁਸਿਆਂ ਦੀ ਨਿਭਣੀਂ ਨਾਹੀਂ ।
ਤੇਰੀ ਤੇਰੀ ਖਾਤਰ ਜੀਨੀਆਂ ਰਾਂਝਾ ਮੀਂਹ ਵਰਦੇ ਵਿਚ ਆਈ,
ਉਤੋਂ ਸਾਡਾ ਸਿਰ ਪਿਆ ਭਿਜਦਾ ਭਿਜ ਗਈ ਬਰਦ[3] ਰਜਾਈ ।
ਮੈਂ ਲੱਭਾਂ ਤੂੰ ਲੱਭਦਾ ਨਾਹੀਂ ਤੂੰ ਬੈਠਾ ਵਿਚ ਭਰਾਈਂ,
ਮੈਂ ਸੰਤੋਖ ਜੀਨੀਆਂ ਰਾਂਝਾ ਰੁਸਿਆਂ ਦੀ ਨਿਭਣੀ ਨਾਹੀਂ ।
ਤੇਰੀ ਤੇਰੀ ਖਾਤਰ ਜੀਨੀਆਂ ਰਾਂਝਾ ਵਡੜੇ ਤੜਕੇ ਆਈ,
ਗਲੀ ਗਲੀ ਦੇ ਭੌਂਕਣ ਕੁੱਤੇ ਦੁਧਾਂ ਦੀ ਪਈ ਰਿੜਕਾਈ ।
ਮੈਂ ਲੱਭਾਂ ਤੂੰ ਲਭਦਾ ਨਾਹੀਂ ਤੂੰ ਬੈਠਾ ਵਿਚ ਭਰਾਈਂ ।
ਮੈਂ ਸੰਤੋਖ ਜੀਨੀਆਂ ਰਾਂਝਾ...
ਤੇਰੀ ਤੇਰੀ ਖਾਤਰ ਜੀਨੀਆਂ ਰਾਂਝਾ ਸਿਖਰ ਦੁਪਹਿਰੇ ਆਈ,
ਪੈਰਾਂ ਦੇ ਵਿਚ ਪੈ ਗਏ ਛਾਲੇ ਸਿਰ ਪਰ ਗਰਮੀ ਆਈ ।
ਮੈਂ ਲੱਭਾਂ ਤੂੰ ਲੱਭਦਾ ਨਾਹੀਂ ਤੂੰ ਵਿਚ ਬੈਠਾ ਭਰਾਈਂ
ਮੈਂ ਸੰਤੋਖ ਜੀਨੀਆਂ ਰਾਂਝਾ...

---

1. ਸੁਨਹਿਰੀ/ਪੀਲੀ 2. ਭਰਾਵਾਂ ਵਿਚ 3. ਵੱਡੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਲ ਬਾਰੀਂ ਵਰ੍ਹੀਂ ਘਰ ਆਇਆ

ਨੀ ਮੈਂ ਛਿਲ ਛਿਲ ਮੋਤੀਆਂ ਦਾਲ ਧਰੀ
ਨੀ ਮੈਂ ਛਿਲ ਛਿਲ ਮੋਤੀਆਂ ਦਾਲ ਧਰੀ,
ਨੀ ਮੈਂ ਲੌਂਗਾਂ ਦਾ ਤੜਕਾ ਲਾਇਆ ਸਈਓ
ਲਾਲ ਬਾਰੀਂ ਵਰ੍ਹੀਂ ਘਰ ਆਇਆ ।

ਨੀ ਮੈਂ ਕੱਢ ਕਲੇਜੜਾ ਆਟਾ ਗੁੱਧਾ ਨੀ ਮੈਂ ਕੱਢ ਕਲੇਜੜਾ ਆਟਾ ਗੁੱਧਾ,
ਨੀ ਮੈਂ ਨੈਣਾਂ ਦਾ ਪਾਣੀ ਲਾਇਆ ਸਈਓ ।
ਲਾਲ...

ਨੀ ਮੈਂ ਹੱਡੜੀਆਂ ਭੰਨ ਬਾਲਣ ਕੀਤਾ, ਨੀ ਮੈਂ ਹੱਡੜੀਆਂ ਭੰਨ ਬਾਲਣ ਕੀਤਾ,
ਨੀ ਮੈਂ ਲਾਲ ਤੰਦੂਰ ਤਪਾਇਆ ਸਈਓ ।
ਲਾਲ...

ਨੀ ਮੈਂ ਆੜੂਆਂ ਜਿਡੇ ਪੇੜੇ ਕੀਤੇ ਨੀ ਮੈਂ ਆੜੂਆਂ ਜਿਡੇ ਪੇੜੇ ਕੀਤੇ,
ਨੀ ਮੈਂ ਪੀਪਲ ਪਤ ਪਕਾਇਆ ਸਈਓ ।
ਲਾਲ...

ਵੇ ਤੂੰ ਇਕ ਖਾਈ ਵੇ ਤੂੰ ਦੋ ਖਾਈਂ ਵੇ ਤੂੰ ਇਕ ਖਾਈਂ ਵੇ ਤੂੰ ਦੋ ਖਾਈਂ,
ਸਾਡੀ ਤੀਜੀ ਨੂੰ ਹੱਥ ਨਾ ਲਾਈਂ ਸਈਓ ।
ਲਾਲ...

ਨੀ ਇਹ ਖਾਂਦੜਾ ਪੀਂਦੜਾ ਰੁੱਸੇ ਗਿਆ ਨੀ ਇਹ ਖਾਂਦੜਾ ਪੀਂਦੜਾ ਰੁਸੇ ਗਿਆ,
ਨੀ ਇਹ ਜਾਏ ਸੁਤਾ ਪਿਛਵਾੜੇ ਸਈਓ
ਲਾਲ...

ਨੀ ਤੂੰ ਬਰਸੀਂ ਕਾਲੀਏ ਬੱਦਲੀਏ ਨੀ ਤੂੰ ਬਰਸੀਂ ਕਾਲੀਏ ਬੱਦਲੀਏ,
ਨੀ ਤੂੰ ਜਾਏ ਵਰ੍ਹੀਂ ਪਿਛਵਾੜੇ ਸਈਓ
ਲਾਲ .

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡੇਰੇ ਆਣ ਲੱਥੇ ਗੁਜਰਾਤ

ਸੱਜਣਾ ਸਾਡਿਆਂ ਵਸਤ ਭੇਜੀ ਛੱਲਾ ਤੇ ਇਕ ਛਾਪ ਸੱਜਣਾ
ਰਹੁ ਖਾਂ ਅਜ ਦੀ ਰਾਤ ।

ਛੱਲਾ ਤੇ ਦੇਨੀਆਂ ਸਹੇਲੀਆਂ ਵੇ ਮੈਂ ਛਾਪ ਰਖਦੀ ਆਂ ਆਪ।
ਸੱਜਣਾ ਦਿਲ ਤੁਹਾਡੇ ਪਾਸ ਡੇਰੇ ਆ ਲੱਥੇ ਗੁਜਰਾਤ ।...
ਸੱਜਣਾ ਰਹੁ ਖਾਂ...

ਸੱਜਣਾ ਸਾਡਿਆਂ ਵਸਤ ਭੇਜੀ ਕੌਲ ਤੇ ਗਲਾਸ ਸੱਜਣਾ ਰਹੁ ਖਾਂ ਅਜ ਦੀ ਰਾਤ ।
ਕੌਲ ਦੇਨੀਆਂ ਗਵਾਂਢਨਾ ਵੇ ਗਲਾਸ ਰਖਨੀਆਂ ਆਪ
ਸੱਜਣਾ ਦਿਲ ਤੁਹਾਡੇ ਪਾਸ ਡੇਰੇ ਆ ਲੱਥੇ ਗੁਜਰਾਤ ।
ਸੱਜਣਾ ਰਹੁ ਖਾਂ...

ਗੋਰੀਏ ਨੀ ਦਿਲ ਥੋੜੀਏ ਨੀ ਦਿਲ ਵੱਡਾ ਤੇ ਕਰੀਏ ਆਪ।
ਨੀ ਕਰੀਏ ਨੀ ਵਿਸ਼ਵਾਸ ਸਾਡਾ ਦਿਲ ਤੁਹਾਡੇ ਪਾਸ
ਗੋਰੀ ਰਹਾਂ ਮੈਂ ਅਜ ਦੀ ਰਾਤ ਡੇਰੇ ਆਣ ਲੱਥੇ ਗੁਜਰਾਤ ।
ਸੱਜਣਾ ਰਹੁ ਖਾਂ...

ਸੱਜਣਾ ਸਾਡਿਆਂ ਵਸਤ ਭੇਜੀ ਤਵਾ ਤੇ ਪਰਾਤ ਸੱਜਣਾ ਰਹੁ ਖਾਂ ਅਜ ਦੀ ਰਾਤ।
ਤਵਾ ਦੇਵਾਂ ਸਹੇਲੀਆਂ ਨੀ ਮੈਂ ਪਰਾਤ ਰਖਾਂ ਆਪ
ਸੱਜਣਾ ਦਿਲ ਤੁਹਾਡੇ ਪਾਸ ਡੇਰੇ ਆ ਲੱਥੇ ਗੁਜਰਾਤ
ਸੱਜਣਾ ਰਹੁ ਖਾਂ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ੁੱਗ ਜੀਉ ਜਵਾਨੀਆਂ ਮਾਣੋ

ਤੇਰੇ ਤੇਰੇ ਕਾਰਣੇ ਮੈਂ ਰੜ[1] ਵਿਚ ਖੂਹਾ ਲਵਾਇਆ ਸੀ
ਤੇਰੇ ਤੇਰੇ ਕਾਰਣੇ ਮੈਂ ਰੜ ਵਿਚ ਖੂਹ ਲਵਾਇਆ ਸੀ,
ਹੱਥ ਵਿਚ ਗੜਵੀ ਮੋਢੇ ਪਰਨਾ ਨਾਵਣ ਦੇ ਪੱਜ ਆਇਉ ਜੀ,
ਜ਼ੁੱਗ ਜੀਉ ਜਵਾਨੀਆਂ ਮਾਣੋ ਮਾਪੇ ਕੌਲ[2] ਕਰੇਂਦੇ ਝੂਠੇ ਲਾਲ ਨ ਪਹਿਰਾ ਦੇਂਦ
ਸਾਨੂੰ ਮਨੋਂ ਵਸਾਰਿਉ ਨਾਹੀਂ ਜੀ ।
ਮਨੋਂ ਵਸਾਰਿਉ ਚਿਤੋਂ ਵਰਾਸਿਉ, ਦਿਲੋਂ ਵਸਾਰਿਉ ਨਾਹੀਂ ਜੀ ।
ਮੈਂ ਕੋਲ ਬਾਗ ਦੀ ਤੂਤੀ[3] ਹਰ ਦਮ ਸੈਨਤ ਨਾਲ ਬੁਲਾਇਓ ਜੀ ।
ਤੇਰੇ ਤੇਰੇ ਕਾਰਣੇ ਮੈਂ ਰੜ ਵਿਚ ਬਾਗ ਲਵਾਇਆ ਜੀ
ਤੇਰੇ ਤੇਰੇ ਕਾਰਣੇ ਮੈਂ ਰੜ ਵਿਚ ਬਾਗ ਲਵਾਇਆ ਜੀ,
ਹੱਥ ਵਿਚ ਸੋਟੀ ਮੋਢੇ ਪਰਨਾ ਸੈਲ[4] ਕਰਨ ਪੁੱਜ ਆਇਉ ਜੀ,
ਜ਼ੁਗ ਜੀਉ ਜਵਾਨੀਆਂ ਮਾਣੋ ..

ਤੇਰੇ ਤੇਰੇ ਕਾਰਣੇ ਮੈਂ ਰੜ ਵਿਚ ਮਹਿਲ ਪਵਾਇਆ ਜੀ,
ਹੱਥ ਵਿਚ ਕੁੰਜੀਆਂ ਮੋਢੇ ਲੀੜੇ ਵੱਸਣ ਦੇ ਪੱਜ ਆਇਓ ਜੀ,
ਜ਼ੁਗ ਜੀਉ ਜਵਾਨੀਆਂ ਮਾਣੋ...

ਤੇਰੇ ਤੇਰੇ ਕਾਰਣੇ ਮੈਂ ਰੜ ਵਿਚ ਬਾਗ ਲਵਾਇਆ ਜੀ ।
ਹੱਥ ਵਿਚ ਖਾਰੀ ਮੋਢੇ ਡੋਰਾਂ ਹਾਰ ਪਰੋਵਨ ਆਇਉ ਜੀ,
ਜ਼ੁੱਗ ਜੀਓ...

---

1. ਮੈਦਾਨ/ਪੱਧਰਾ ਥਾਂ/ਪੱਕਾ ਥਾਂ 2. ਵਾਇਦਾ/ਇਕਰਾਰ 3. ਵਜਾਉਣ ਲਈ ਇਕ ਪ੍ਰਕਾਰ ਦਾ ਸਾਜ 4. ਸੈਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਲਾਂ ਦੀਏ ਸਾਂਝਣੀਏ ਹੀਰੇ

ਤੈਨੂੰ ਖੱਟੇ ਵੀ ਪਵਾ ਦਿਆਂ ਤੈਨੂੰ ਮਿੱਠੇ ਵੀ ਪਵਾ ਦਿਆਂ
ਮੇਰੀਏ ਚਾਨਣੀਏ, ਹੋ ਦਿਲਾਂ ਦੀਏ ਸਾਂਝਣੀਏ ਹੀਰੇ ।
ਖੱਟੇ ਮਾਂ ਨੂੰ ਪਵਾ ਦੇ ਮਿੱਠੇ ਭੈਣਾਂ ਨੂੰ ਪਵਾ ਦੇ
ਮੇਰਿਆ ਦੁਸ਼ਮਣਾਂ, ਹੋ ਪੱਖੀ ਦੀ ਡੰਡੀ ਮਾਰੀ ਆ ।
ਨੀ ਮੈਂ ਹਾਸੇ ਨਾਲ ਮਾਰੀ ਬੜੇ ਦਲਾਸੇ[1] ਨਾਲ ਮਾਰੀ
ਮੇਰੀਏ ਚਾਨਣੀਏ, ਹੋ ਦਿਲਾਂ ਦੀਏ ਸਾਂਝਣੀਏ ਹੀਰੇ ।
ਹਾਸਾ ਮਾਵਾਂ ਨਾਲ ਕਰੀਏ ਮਾਂ ਪਿਉ ਜਾਈਆਂ ਨਾਲ ਕਰੀਏ
ਚਾਚੀਆਂ ਤਾਈਆਂ ਨਾਲ ਕਰੀਏ ਜੀ ਭਰਜਾਈਆਂ ਨਾਲ ਕਰੀਏ
ਮੇਰਿਆ ਦੁਸ਼ਮਣਾਂ, ਹੋ ਪੱਖੀ ਦੀ ਡੰਡੀ ਮਾਰੀ ਆ ।
ਤੈਨੂੰ ਚੌਂਕ ਨੀ ਘੜਵਾ ਦਿਆਂ ਨਾਲੇ ਫੁੱਲ ਨੀ ਜੜਾ ਦਿਆਂ
ਮੇਰੀਏ ਚਾਨਣੀਏ, ਹੋ ਦਿਲਾਂ ਦੀਏ ਸਾਂਝਣੀਏ ਹੀਰੇ ।
ਚੌਂਕ ਮਾਂ ਨੂੰ ਘੜਾ ਦੇ ਫੁੱਲ ਭੈਣਾਂ ਨੂੰ ਜੜਾ ਦੇ
ਮੇਰਿਆਂ ਦੁਸ਼ਮਣਾਂ, ਹੋ ਪੱਖੀ ਦੀ ਡੰਡੀ ਮਾਰੀ ਆ ।
ਨੀ ਮੈਂ ਹਾਸੇ ਨਾਲ ਮਾਰੀ ਬੜੇ ਦਲਾਸੇ ਨਾਲ ਮਾਰੀ
ਮੇਰੀ ਚਾਨਣੀਏ, ਹੋ ਦਿਲਾਂ ਦੀਆਂ ਸਾਂਝਣੀਏ ਹੀਰੇ ।
ਹਾਸਾ ਮਾਵਾਂ ਨਾਲ ਕਰੀਏ, ਮਾਂ ਪਿਉ ਜਾਈਆਂ ਨਾਲ ਕਰੀਏ
ਚਾਚੀਆਂ ਤਾਈਆਂ ਨਾਲ ਕਰੀਏ ਜੀ ਭਰਜਾਈਆਂ ਨਾਲ ਕਰੀਏ
ਮੇਰਿਆ ਦੁਸ਼ਮਣਾਂ, ਹੋ ਪੱਖੀ ਦੀ ਡੰਡੀ ਮਾਰੀ ਆ ।

---

1. ਹਮਦਰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਬਾ ! ਕਿਤੇ ਮਿਲੀਏ

ਚਿੱਟੀ ਚਾਦਰ ਤੇ ਪੱਲੇ ਦਵਾਨੀ,[1]
ਚੀਰੇ ਵਾਲੇ ਦੀ ਅਹਿਲ[2] ਜਵਾਨੀ
ਰੱਬਾ ! ਕਿਤੇ ਮਿਲੀਏ।

ਮਿਲੀਏ ਮਿਲੀਏ ਨੀ ਮੇਰੀਏ ਜਾਨੇ,
ਜਾਨ ਪੈ ਗਈ ਵਸ ਬਗਾਨੇ,
ਰੱਬਾ ! ਕਿਤੇ ਮਿਲੀਏ ।

ਚਿੱਟੀ ਚਾਦਰ ਪੱਲੇ ਮਖਾਣੇ,.
ਚੀਰੇ ਵਾਲੇ ਦੇ ਦੂਰ ਟਿਕਾਣੇ,
ਰੱਬਾ ! ਕਿਤੇ ਮਿਲੀਏ,
ਮਿਲੀਏ ਮਿਲੀਏ...

ਚਿੱਟੀ ਚਾਦਰ ਪੱਲੇ ਪਤਾਸੇ,
ਚੀਰੇ ਵਾਲੇ ਦੇ ਘਰ ਘਰ ਹਾਸੇ
ਰੱਬਾ ਕਿਤੇ ਮਿਲੀਏ,
ਮਿਲੀਏ ਮਿਲੀਏ...

ਚਿੱਟੀ ਚਾਦਰ ਤੇ ਪੱਲੇ ਨੇ ਸਗਲੇ[3],
ਚੀਰੇ ਵਾਲੇ ਦੇ ਘਰ ਘਰ ਝਗੜੇ,
ਰੱਬਾ ਕਿਤੇ ਮਿਲੀਏ,
ਮਿਲੀਏ ਮਿਲੀਏ...

---

1. ਦੋ ਆਨੇ/ਇਕ ਰੁਪੈ ਦਾ ਅਠਵਾਂ ਹਿੱਸਾ, ਨਵੇਂ ਸਿਸਟਮ ਵਿਚ ਇਹ ਇਕ ਰੁਪੈ ਦਾ ਸਾਢੇ ਬਾਰਾਂ ਪੈਸੇ ਬਣਦਾ ਹੈ। 2. ਅਮੋੜ। 3. ਪੈਰਾਂ ਦਾ ਗਹਿਣਾ, ਇਹ ਚਾਂਦੀ ਦੇ ਬਣਾਏ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਜ਼ਾਂ ਮਿੰਨਤਾਂ ਮੈਂ ਕਰਾਂ

ਸੋਹਣੇ ਤੇ ਘੋੜੇ ਵਾਲਿਆ ਵੇ ਕਾਠੀ ਦੀ ਜੜਤ ਜੜਾ,
ਮੈਂ ਦਰਿਆਵਾਂ ਦੀ ਮਛਲੀ ਵੇ ਤੂੰ ਬਗਲਾ ਬਣ ਘਰ ਆ।
ਤੇਰੇ ਜਾਂਦੇ ਦੀਆਂ ਅਰਜ਼ਾਂ ਮੈਂ ਕਰਾਂ ਵੇ
ਤੇਰ ਜਾਂਦੇ ਦੀਆਂ ਮਿੰਨਤਾਂ[1] ਮੈਂ ਕਰਾਂ ਵੇ
ਨਾ ਪਾਇਉ ਘੋੜੇ ਨੂੰ ਪੰਧ[2] ਸ਼ਰਾਬੀਆ ਵੇ।
ਸੋਹਣੇ ਤੇ ਚੀਰੇ ਵਾਲਿਆ ਵੇ ਕਲਗੀ ਦੀ ਜੜਤ ਜੜਾ,
ਮੈਂ ਦਰਿਆਵਾਂ ਦੀ ਮਛਲੀ ਵੇ ਤੂੰ ਬਗਲਾ ਬਣ ਘਰ ਆ।
ਤੇਰੇ ਜਾਂਦੇ ਦੀਆਂ ਅਰਜ਼ਾਂ ਮੈਂ ਕਰਾਂ ਵੇ
ਤੇਰੇ ਜਾਂਦੇ ਦੀਆਂ ਮਿੰਨਤਾਂ ਮੈਂ ਕਰਾਂ ਵੇ
ਨਾ ਪਾਇਉ ਘੋੜੇ ਨੂੰ ਪੰਧ ਸ਼ਰਾਬੀਆ ਵੇ।
ਸੋਹਣੇ ਤੇ ਕੈਂਠੇ ਵਾਲਿਆ ਵੇ ਧਾਗੇ ਦੀ ਜੜਤ ਜੜਾ,
ਮੈਂ ਦਰਿਆਵਾਂ ਦੀ ਮਛਲੀ ਵੇ ਬਗਲਾ ਬਣ ਘਰ ਆ।
ਤੇਰੇ ਜਾਂਦੇ ਦੀਆਂ ਅਰਜ਼ਾਂ ਮੈਂ ਕਰਾਂ ਵੇ
ਤੇਰੇ ਜਾਂਦੇ ਦੀਆਂ ਮਿੰਨਤਾਂ ਮੈਂ ਕਰਾਂ ਵੇ
ਨਾ ਪਾਇਉ ਘੋੜੇ ਨੂੰ ਪੰਧ ਸ਼ਰਾਬੀਆ ਵੇ।

---

1. ਤਰਲੇ ਨਾਲ ਕਹਿਣਾ/ਬੇਨਤੀ ਕਰਨੀ 2. ਸਫ਼ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹੀਂਵਾਲ ਮਿਲਣ ਦੀ ਆਸ

ਕਿੱਕਰੇ ਨੀ ਕੰਡਆਲੀਏ ਨੀ ਤੇਰੀ ਠੰਡੜੀ ਛਾਂ।
ਲੰਘ ਲੰਘ ਜਾਵਣ ਮਜਲਸਾਂ[1] ਨੀ ਬਹਿ ਬਹਿ ਜਾਣ ਦਿਵਾਨ[2]।
ਨੀਲੇ ਘੋੜੇ ਵਾਲਿਆ ਵੇ ਘੋੜਾ ਸਹਿਜ ਦੁੜਾ।
ਵੇ ਵਾਰੀ ਸਬਰ ਪਵੇ ਤੇਰੀ ਚਾਲ ਨੂੰ ਭੋਸ਼ਨ[3] ਪਈ ਰਵਾਲ।[4]
ਬਾਰੀ ਵਿਚ ਖਲੋਤੀਏ ਸ਼ੀਸ਼ਾ ਨਾ ਲਿਸ਼ਕਾ।
ਨੀ ਵਾਰੀ ਸਬਰ ਪਵੇ ਤੇਰੇ ਰੂਪ ਨੂੰ ਗਿਆ ਕਲੇਜਾ ਖਾ।
ਹੱਸਾਂ[5] ਦੇ ਨਾਲ ਜੰਜੀਰੀਆਂ ਕੁਲਫ[6] ਸ਼ਿਕੰਗਣਾ[7] ਨਾਲ।
ਪੈਰ ਜੀ ਝਾਂਜਰ ਤਾਂ ਸੋਹਵੇ ਊਧੇ[8] ਲਹਿੰਗੇ ਨਾਲ।
ਇਕ ਜੂ ਆਇਆ ਜੋਗੀ ਮਾਈ ਭਿਛਿਆ ਪਾ।
ਵੇ ਜੋਗੀ ਮੇਰੇ ਹੱਥ ਜੂ ਰੁਧੜੇ[9] ਕਿੰਨੂੰ ਆਖਾਂ ਪਾ।
ਜੇ ਤੇਰੇ ਹੱਥ ਰੁਧੜੇ ਨੌਂਹ ਨੂੰ ਆਖੀਂ ਤੂੰ ਪਾ।
ਵੇ ਵਾਰੀ ਨੌਂਹ ਨਹੀਂ ਸੂਰਜ ਵੇਖਣਾ ਕਿੰਨੂੰ ਆਖਾਂ ਪਾ।
ਰੰਨਾ ਚੈਂਚਲ ਹਾਰੀਆਂ ਚੈਂਚਲ ਕੰਮ ਕਰੇਨ।
ਵੇ ਵਾਰੀ ਦਿਨ ਤੇ ਡਰਨ ਬਲਾਈਂ ਤੋਂ ਰਾਤ ਨੂੰ ਨਦੀਆਂ ਚੀਰੇਨ।
ਬੱਚਾ ਵੇ ਸੁਣ ਮੇਰਿਆ ਸੋਹਣੀ ਨੂੰ ਸਮਝਾ।
ਵੇ ਬੱਚਾ ਤੈਨੂੰ ਸੁੱਤੇ ਨੂੰ ਛੱਡ ਕੇ ਜਾਂਦੀ ਊ ਮਹੀਂਵਾਲ।
ਮਾਤਾ ਨੀ ਸੁਣ ਮੇਰੀਏ ਐਡੜੇ ਬੋਲ ਨਾ ਬੋਲ।
ਨੀ ਮਾਤਾ ਰੱਤੜਾ ਪਲੰਘ ਡਹਾ ਕੇ ਸੌਂਦੀਆ ਸਾਡੇ ਕੋਲ਼।
ਮਾਤਾ ਨੀ ਸੁਣ ਸਾਡੀਏ ਐਡੜੇ ਬੋਲ ਨਾ ਬੋਲ।
ਦਿਨੇ ਤੇ ਕੱਢੇ ਕਸੀਦੜਾ ਰਾਤ ਨੂੰ ਮੇਰੇ ਕੋਲ।
ਸੱਸ ਗਈ ਕੁਮਿਆਰਾਂ ਦੇ ਕੱਚੜਾ ਘੜਾ ਪਥਾ।

---

1. ਇਕੱਠੇ ਲੋਕ/ਜਲੂਸ 2. ਇਕੱਠੇ/ਜਮਾ ਹੋਏ ਲੋਕ 3. ਪਹਿਰਾਵਾ/ਪੋਸ਼ਾਕ 4. ਧੂੜ/ਮਿੱਟੀ 5. ਹਸਲੀ/ਗਲ ਦਾ ਗਹਿਣਾ 6. ਛਿਕੰਗਣ ਨੂੰ ਦੋ ਸਿਰਿਆਂ ਤੋਂ ਜੋੜਨ ਵਾਲਾ ਕਬਜ਼ਾ ਨੁਮਾ 7. ਬਾਂਹ ਦਾ ਚਾਂਦੀ ਦਾ ਗਹਿਣਾ 8. ਲਾਲ/ਗੁਲਾਨਾਰੀ 9. ਰੁੱਝੇ ਹੋਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇ ਵਾਰੀ ਕੱਚੜਾ ਘਰਾ ਪਥਾਇਕੇ ਪੱਕੜੀ ਵੰਨੀ[1] ਲਵਾ ।
ਪੱਕਾ ਤੇ ਉਥੋਂ ਉਠਾ ਕੇ ਕੱਚੜਾ ਉਥੇ ਟਿਕਾ ।
ਵੇ ਵਾਰੀ ਲੈ ਕੇ ਸੋਹਣੀ ਤੁਰ ਪਈ ਠਿਲ ਪਈ ਦਰਿਆ ।
ਕੱਚੜਾ ਘੜਾ ਪਥੇਂਦਿਆ ਪੁੱਤਰ ਮਰੇ ਘੁਮਿਆਰ ।
ਵੇ ਵਾਰੀ ਜਿਥੇ ਮੈਂ ਹੱਥ ਪਾਉਂਦੀ ਕੰਢੇ ਭੁਰ ਭੁਰ ਜਾਹ ।
ਦੁਧੋਂ ਦਹੀਂ ਜਮਾਇਕੇ ਦਹੀਉਂ ਕੀਤੀੜੀ ਛਾਹ[2] ।
ਨੀ ਅਜ ਨਾ ਸੋਹਣੀ ਆਂਵਦੀ ਪਈ ਕੁਵੱਲੜੇ ਰਾਹ ।
ਨੀ ਸੱਸੇ ਇਕ ਘਰ ਗਾਲਿਆ ਆਪਣਾ, ਦੂਜਾ ਮਹੀਂਵਾਲ ।
ਦੁਧੋਂ ਦਹੀਂ ਜਮਾਇਕੇ ਦਹੀਉਂ ਕੀਤਾ ਪਨੀਰ,
ਵੇ ਵਾਰੀ ਅਜ ਨਹੀਂ ਸੋਹਣੀ ਆਂਵਦੀ ਪੈ ਗਏ ਡਾਢੇ ਜੰਜੀਰ ।
ਮੱਛੀਓ ਨੀ ਜਲ ਰਛੀਉ ਚੁਣ ਚੁਣ ਖਾਇਓ ਮਾਸ ।
ਇਕ ਨਾ ਖਾਇਓ ਅੱਖੀਆਂ ਮਹੀਂਵਾਲ ਮਿਲਣ ਦੀ ਆਸ ।

---

1. ਕੰਢਾ 2. ਲੱਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਰਜ਼ਾ ਤੇ ਸਾਹਿਬਾਂ ਦੀ ਦੋਸਤੀ

ਉੱਚਾ ਤੇ ਬੁਰਜ ਲਹੌਰ ਦਾ ਹੇਠ ਪੰਸਾਰੀ ਦਾ ਹੱਟ ਨੀ ਮੈਂ ਵਾਰੀ,
ਹੇਠ ਪੰਸਾਰੀ ਦਾ ਹੱਟ ਮੈਂ ਵਾਰੀ ਵੇ ।
ਉਠ ਪੰਸਾਰੀਆ ਸੁੱਤਿਆ ਤੋਲਦੇ ਮੈਨੂੰ ਪੱਟ ਮੈਂ ਵਾਰੀ,
ਤੋਲਦੇ ਮੈਨੂੰ ਪੱਟ ਮੈਂ ਵਾਰੀ ਵੇ ।
ਹੋਰਨਾਂ ਨੂੰ ਦੇਨਾ ਵਾਂ ਤੋਲ ਕੇ ਮੈਨੂੰ ਤੇ ਦੇਨਾਂ ਏ ਘੱਟ ਮੈਂ ਵਾਰੀ ।
ਹੋਰਨਾਂ ਨੂੰ ਦੇਨਾਂ ਵਾਂ ਤੋਲ ਕੇ ਤੈਨੂੰ ਤੇ ਮਣਸਿਆ[1] ਹੱਟ ਮੈਂ ਵਾਰੀ ।
ਮਿਰਜ਼ਾ ਤੇ ਸਾਹਿਬਾਂ ਦੀ ਦੋਸਤੀ ਦੋਵਾਂ ਦਾ ਬਹੁਤ ਪਿਆਰ ਮੈਂ ਵਾਰੀ ।
ਮਿਰਜ਼ਾ ਤੇ ਸਾਹਿਬਾਂ ਤੁਰ ਪਏ ਤੁਰ ਪਏ ਅੱਧੜੀ ਰਾਤ ਮੈਂ ਵਾਰੀ ।
ਉੱਚਾ ਤੇ ਬੁਰਜ ਲਹੌਰ ਦਾ ਉਥੇ ਤੇ ਕੱਟੀ ਆ ਰਾਤ ਮੈਂ ਵਾਰੀ ।
ਉੱਠ ਵੇ ਮਿਰਜ਼ਿਆ ਸੁੱਤਿਆ ਪਿੱਛੋਂ ਤੇ ਆ ਗਈ ਵਾਹਰ[2] ਮੈਂ ਵਾਰੀ ।
ਕਿਸ ਰਾਜੇ ਦੀਆਂ ਘੋੜੀਆਂ ਕੌਣ ਉਤੇ ਅਸਵਾਰ ਮੈਂ ਵਾਰੀ ।
ਬਾਬਲ ਰਾਜੇ ਦੀਆਂ ਘੋੜੀਆਂ ਵੀਰ ਉਤੇ ਅਸਵਾਰ ਮੈਂ ਵਾਰੀ ।
ਹੱਥਾਂ 'ਚ ਲਿਸ਼ਕਣ ਬਰਛੀਆਂ ਕਰਦੀਆਂ ਮਾਰੋ ਮਾਰ ਮੈਂ ਵਾਰੀ
ਮੈਨੂੰ ਤੇ ਮਾਰਿਉ ਛਮਕਾਂ ਮਿਰਜ਼ੇ ਨੂੰ ਹੱਥ ਨਾ ਲਾਇਉ ਮੈਂ ਵਾਰੀ ।
ਤੈਨੂੰ ਤੇ ਮਾਰਾਂਗੇ ਛਮਕਾਂ ਮਿਰਜ਼ੇ ਦੇ ਟੋਟੇ ਚਾਰ ਮੈਂ ਵਾਰੀ,
ਮਿਰਜ਼ਾ ਤੇ ਸਾਹਿਬਾਂ ਮਰ ਗਏ ਉਥੇ ਤੇ ਬਣੀ ਸਮਾਧ ਮੈਂ ਵਾਰੀ ।

---

1. ਰਹੁ-ਰੀਤ ਸਮੇਂ ਦਿੱਤਾ ਦਾਨ । 2. ਵੱਡੀ ਗਿਣਤੀ ਵਿਚ ਲੋਕਾਂ ਦਾ ਕਿਸੇ ਆਕਰਮਣਕਾਰੀ ਮੰਤਵ ਨਾਲ ਇਕੱਠੇ ਹੋਕੇ ਆਉਣਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਰਜ਼ਿਆ ਤੇਰੇ ਲੜ ਲਾਵਾਂ ਦੋਸਤੀ

ਕਿਥੇ ਤੇ ਲਾਵਾਂ ਟਾਹਲੀਆਂ ਮਿਰਜ਼ਿਆ ਕਿਥੇ ਤੇ ਲਾਵਾਂ ਵੇ ਸ਼ਤੂਤ,
ਵੇ ਮਿਰਜ਼ਿਆ !
ਤੇਰੇ ਲੜ ਲਾਵਾਂ ਦੋਸਤੀ ਜਿਹੜਾ ਪੱਟ[1] ਲਿਆਵੇ ਮਲੂਕ[2] ਵੇ ।
ਉਚੇ ਲਾਵਾਂ ਟਾਹਲੀਆਂ ਮਿਰਜ਼ਿਆ ਨੀਵੇਂ ਲਾਵਾਂ ਵੇ ਸ਼ਤੂਤ,
ਵੇ ਮਿਰਜ਼ਿਆ !
ਤੇਰੇ ਲੜ ਲਾਵਾਂ ਦੋਸਤੀ ਜਿਹੜਾ ਪੱਟ ਲਿਆਵੇ ਮਲੂਕ ਵੇ ।
ਕੀ ਕੁਛ ਲਗਦਾ ਟਾਹਲੀਆਂ ਮਿਰਜ਼ਿਆ ਕੀ ਕੁਛ ਲਗਦਾ ਵੇ ਸ਼ਤੂਤ,
ਵੇ ਮਿਰਜ਼ਿਆ !
ਤੇਰੇ ਲੜ ਲਾਵਾਂ ਦੋਸਤੀ ਜਿਹੜਾ ਪੱਟ ਲਿਆਵੇ ਮਲੂਕ ਵੇ ।
ਟਾਹਲੀਆਂ ਨੂੰ ਲੱਗਦੀਆਂ ਵਾਲੀਆਂ ਮਿਰਜ਼ਿਆ ਤੂਤਾਂ ਨੂੰ ਲਗਦੇ ਨੇ ਸ਼ਤੂਤ;
ਵੇ ਮਿਰਜ਼ਿਆ !
ਮੈਂ ਤੇਰੇ ਨਾਲ ਲਾਵਾਂ ਦੋਸਤੀ ਜਿਹੜਾ ਪੱਟ ਲਿਆਵੇ ਮਲੂਕ ਵੇ ।
ਕੌਣ ਪਹਿਨੇ ਵਾਲੀਆਂ ਮਿਰਜ਼ਿਆ ਕੌਣ ਖਾਵੇ ਵੇ ਸ਼ਤੂਤ,
ਵੇ ਮਿਰਜ਼ਿਆ !
ਤੇਰੇ ਲੜ ਲਾਵਾਂ ਦੋਸਤੀ ਵੇ ਜਿਹੜਾ ਪੱਟ ਲਿਆਵੇ ਮਲੂਕ ਵੇ ।
ਭਾਬੋ ਪਹਿਨੇ ਵਾਲੀਆਂ ਵੀਰ ਸੁ ਖਾਵੇ ਵੇ ਸ਼ਤੂਤ,
ਵੇ ਮਿਰਜ਼ਿਆ !
ਤੇਰੇ ਲੜ ਲਾਵਾਂ ਦੋਸਤੀ ਜਿਹੜਾ ਪੱਟ ਲਿਆਵੇ ਮਲੂਕ ਵੇ ।

---

1. ਰੇਸ਼ਮ 2. ਨਰਮ/ਨਾਜ਼ਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਸੀ ਪੁੰਨੂੰ ਦੀ ਦੋਸਤੀ

ਵਾਰੀ ਵੇ !
ਸੱਸੀ ਤੇ ਪੁੰਨੂੰ ਵਾਰੀ ਦੋਸਤੀ ਵੇ, ਦੋਹਾਂ ਦਾ ਬਹੁਤ ਪਿਆਰ ਵੇ ।
ਵਾਰੀ ਵੇ !
ਜੰਮੂ ਤੇ ਸ਼ਹਿਰ ਵਾਰੀ ਜਾਂਦਿਆਂ ਵੇ ਚੀਰੇ ਦਾ ਦੇ ਜਾਣਾ ਦਿਦਾਰ ਵੇ ।
ਵਾਰੀ ਨੀ !
ਚੀਰੇ ਦਾ ਦਰਸ਼ਨ ਤੈਨੂੰ ਨਾ ਦਿਆਂ ਨੀ, ਤੈਥੋਂ ਚੰਗੇਰੀ ਸਾਡੀ ਨਾਰ ਨੀ ।
ਵਾਰੀ ਵੇ !
ਜੰਮੂ ਤੇ ਸ਼ਹਿਰ ਵਾਰੀ ਜਾਂਦਿਆਂ ਵੇ ਕੈਂਠੇ ਦਾ ਦੇ ਜਾਣਾ ਦਿਦਾਰ ਵੇ ।
ਵਾਰੀ ਨੀ !
ਕੈਂਠੇ ਦਾ ਦਰਸ਼ਨ ਤੈਨੂੰ ਨਾ ਦਿਆਂ ਨੀ ਤੈਥੋਂ ਚੰਗੇਰੀ ਸਾਡੀ ਨਾਰ ਨੀ ।
ਵਾਰੀ ਵੇ !
ਜੰਮੂ ਤੇ ਜੰਮੂ ਤੇ ਸ਼ਹਿਰ ਵਾਰੀ ਜਾਂਦਿਆ ਵੇ
ਮੁਰਕੀਆਂ ਦਾ ਦੇ ਜਾਣਾ ਦਿਦਾਰ ਵੇ ।
ਵਾਰੀ ਨੀ !
ਮੁਰਕੀਆਂ ਦਾ ਦਰਸ਼ਨ ਤੈਨੂੰ ਨਾ ਦਿਆਂ ਨੀ ਤੈਥੋਂ ਚੰਗੇਰੀ ਸਾਡੀ ਨਾਰ ਨੀ ।
ਵਾਰੀ ਨੀ !
ਜੰਮੂ ਤੇ ਸ਼ਹਿਰ ਵਾਰੀ ਜਾਂਦਿਆਂ ਵੇ ਕਲਗੀ ਦਾ ਦੇ ਜਾਣਾ ਦਿਦਾਰ ਵੇ ।
ਵਾਰੀ ਨੀ !
ਕਲਗੀ ਦਾ ਦਰਸ਼ਨ ਤੈਨੂੰ ਨਾ ਦਿਆਂ ਨੀ ਤੈਥੋਂ ਚੰਗੇਰੀ ਘਰ ਦੀ ਨਾਰ ਨੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੰਮੂਏ ਸ਼ਹਿਰ ਦਾ ਲਲਾਰੀ ਆਇਆ

ਕਿਹੜੇ ਤੇ ਸ਼ਹਿਰ ਦਾ ਲਲਾਰੀ ਆਇਆ ਤੇ
ਕਿੱਥੇ ਗਡਾਵਾਂ ਉਹਦਾ ਮੱਟ ਓਏ,
ਮੱਟ ਓਏ ਛੈਲ ਲਲਾਰੀਆ ।
ਜੰਮੂਏ ਤੇ ਸ਼ਹਿਰ ਦਾ ਲਲਾਰੀ ਆਇਆ
ਤੇ ਰੜੇ ਗਡਾਵਾਂ ਉਹਦਾ ਮੱਟ ਓਏ,
ਮੱਟ ਉਏ ਛੈਲ ਲਲਾਰੀਆ ।
ਰੰਗਾਇਆ ਹੋਇਆ ਡੋਡਨਾ, ਮੈਂ ਕਿੱਲੀ ਉਤੇ ਟੰਗਿਆ,
ਚੋਰਾਂ ਨੇ ਲਾ ਲਈ ਸੰਨ੍ਹ ਓਏ
ਸੰਨ੍ਹ ਉਏ ਛੈਲ ਲਲਾਰੀਆ ।
ਹੋਰਨਾਂ ਤੇ ਫੜ ਲਏ ਡਾਂਗਾਂ ਤੇ ਸੋਟੇ
ਤੇ ਸੌਹਰੇ ਜੀ ਨੇ ਫੜ ਲਈ ਰੰਨ ਓਏ,
ਰੰਨ ਉਏ, ਛੈਲ ਲਲਾਰੀਆ ।
ਹੋਰਨਾਂ ਦੇ ਭੱਜ ਗਏ ਡਾਂਗਾਂ ਤੇ ਸੋਟੇ
ਸੌਹਰੇ ਜੀ ਦੀ ਭੱਜ ਗਈ ਟੰਗ ਓਏ,
ਟੰਗ ਉਏ, ਛੈਲ ਲਲਾਰੀਆ ।
ਹੋਰਨਾਂ ਗੰਢਾਅ ਲਏ ਡਾਂਗਾਂ ਤੇ ਸੋਟੇ
ਤੇ ਸੌਹਰੇ ਜੀ ਦੀ ਮਰ ਗਈ ਰੰਨ ਓਏ,
ਰੰਨ ਉਏ, ਛੈਲ ਲਲਾਰੀਆ ।
ਕਿਹੜੇ ਤੇ ਸ਼ਹਿਰ ਦਾ ਲਲਾਰੀ ਆਇਆ ਤੇ ਕਿਥੇ ਗਡਾਵਾਂ ਉਹਦਾ ਮੱਟ ਓਏ,
ਮੱਟ ਓਏ ਛੈਲ ਸਕਾਰੀਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਬ ਦੀ ਡਾਲੀ ਉਤੇ ਕੋਇਲ ਪਈ ਬੋਲੇ

ਅੰਬ ਦੀ ਡਾਲੀ ਉਤੇ ਕੋਲ ਪਈ ਬੋਲੇ, ਕੋਲ ਪਈ ਬੋਲੇ,
ਬੋਲੀਂ ਤੂੰ ਮਿੱਠੇ ਮਿੱਠੇ ਬੋਲ
ਦਿਲਾ ਦੀਏ, ਬੋਲੀ ਬਾਗਾਂ ਦੀਏ, ਕੋਇਲੇ ।
ਸੋਨੇ ਤੇ ਚਾਂਦੀ ਦੀ ਮੈਂ ਚੁੰਝ ਮੜਾਵਾਂ, ਚੁੰਝ ਮੜਾਵਾਂ
ਬੋਲੀਂ ਤੂੰ ਮਿੱਠੇ ਮਿੱਠੇ ਬੋਲ ।
ਦਿਲਾਂ ਦੀਏ, ਬੋਲੀਂ ਬਾਗਾਂ ਦੀਏ, ਕੋਇਲੇ ।
ਬਾਰੀਂ ਤੇ ਬਰਸੀਂ ਸਾਡੇ ਸਾਜਣ ਘਰ ਆਏ, ਸਾਜਣ ਘਰ ਆਏ
ਆਣ ਲੱਥੇ ਅੰਬਾਂ ਹੇਠ
ਦਿਲਾਂ ਦੀਏ, ਬੋਲੀਂ ਬਾਗਾਂ ਦੀਏ, ਕੋਇਲੇ ।
ਆਇਆਂ ਤੇ ਸੱਜਣਾਂ ਦੀ ਕੀਤੀ ਮਮਾਨੀ[1], ਕੀਤੀ ਮਮਾਨੀ,
ਭਰ ਭਰ ਲੱਡੂਆਂ ਦੇ ਥਾਲ
ਦਿਲਾਂ ਦੀਏ, ਬੋਲੀਂ ਬਾਗਾ ਦੀਏ, ਕੋਇਲੇ ।
ਲੱਡੂ ਨਾ ਖਾਂਦੇ ਸਾਜਣ ਪੇੜੇ ਨਾ ਖਾਂਦੇ, ਪੇੜੇ ਨਾ ਖਾਂਦੇ
ਮੰਗਦੇ ਨੇ ਸੋਇਆਂ[2] ਦਾ ਸਾਗ
ਦਿਲਾਂ ਦੀਏ, ਬੋਲੀਂ ਬਾਗਾਂ ਦੀਏ, ਕੋਇਲੇ ।
ਮਾਲੀ ਦੇ ਬੇਟੇ ਨੂੰ ਮੈਂ ਵੀਰ ਬਣਾਵਾਂ, ਵੀਰ ਬਣਾਵਾਂ
ਉਥੋਂ ਮੰਗਾਵਾਂ ਸੋਇਆਂ ਸਾਂਗ
ਦਿਲਾਂ ਦੀਏ, ਬੋਲੀਂ ਬਾਗਾਂ ਦੀਏ, ਕੋਇਲੇ ।
ਮਾਲੀ ਦੇ ਬੇਟੇ ਮੇਰੀ ਵੀਣੀ ਮਰੋੜੀ, ਵੀਣੀ ਮਰੋੜੀ
ਡਿੱਗ ਪਈ ਪੱਬਾਂ ਦੇ ਭਾਰ
ਦਿਲਾਂ ਦੀਏ, ਬੋਲੀਂ ਬਾਗਾਂ ਦੀਏ, ਕੋਇਲੇ ।

---

1. ਮਹਿਮਾਨੀ ਪ੍ਰੌਹਣਾਚਾਰੀ, 2. ਇਕ ਪ੍ਰਕਾਰ ਦਾ ਚਾਰਾ/ਅਨਾਜ/ਹਰੀਆਂ ਗੰਦਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਹਰੀ ਰੰਗ ਤੋਤਾ

ਕਿਧਰੋਂ ਤੇ ਆਇਆ ਨੀ ਮੇਰਾ ਹਰੀ ਰੰਗ ਤੋਤਾ ਤੋਤੇ ਨੂੰ ਬੋਲਣ ਦੇ,
ਕਿਧਰੋਂ ਤੇ ਆਈ ਮੇਰੀ ਮੈਨਾ ਜਿੰਦੇ ।
ਚੜ੍ਹਦੇ ਤੋਂ ਆਇਆ ਮੇਰਾ ਹਰੀ ਰੰਗ ਤੋਤਾ ਤੋਤੇ ਨੂੰ ਬੋਲਣ ਦੇ,
ਲਹਿੰਦਿਉਂ[1] ਆਈ ਮੇਰੀ ਮੈਨਾ ਜਿੰਦੇ ।
ਕੀ ਕੁਝ ਖਾਵੇ ਨੀ ਮੇਰਾ ਹਰੀ ਰੰਗ ਤੋਤੇ ਨੂੰ ਬੋਲਣ ਦੇ,
ਕੀ ਕੁਝ ਖਾਵੇ ਮੇਰੀ ਮੈਨਾ ਜਿੰਦੇ ।
ਗਿਰੀਉ ਛੁਹਾਰਾ ਨੀ ਮੇਰਾ ਹਰੀ ਰੰਗ ਤੋਤਾ ਤੋਤੇ ਨੂੰ ਬੋਲਣ ਦੇ,
ਮੇਵਾ ਤੇ ਖਾਵੇ ਨੀ ਮੇਰੀ ਮੈਨਾ ਜਿੰਦੇ ।
ਕਿਥੇ ਤੇ ਬਹਵੇ ਨੀ ਮੇਰਾ ਹਰੀ ਰੰਗ ਤੋਤਾ ਤੋਤੇ ਨੂੰ ਬੋਲਣ ਦੇ,
ਕਿਥੇ ਤੇ ਬਹਿੰਦੀ ਨੀ ਮੇਰੀ ਮੈਨਾ ਜਿੰਦੇ ।
ਪਲੰਘੇ ਤੇ ਬੈਠੇ ਨੀ ਮੇਰਾ ਹਰੀ ਰੰਗ ਤੋਤਾ ਤੋਤੇ ਨੂੰ ਬੋਲਣ ਦੇ,
ਪੀਹੜੇ ਤੇ ਬਹਿੰਦੀ ਨੀ ਮੇਰੀ ਮੈਨਾ ਜਿੰਦੇ ।
ਕੀ ਕੁਝ ਪੈਹਨੇ ਨੀ ਮੇਰਾ ਹਰੀ ਰੰਗ ਤੋਤਾ ਤੋਤੇ ਨੂੰ ਬੋਲਣ ਦੇ,
ਕੀ ਕੁਝ ਪੈਹਨੇ ਨੀ ਮੇਰੀ ਮੈਨਾ ਜਿੰਦੇ ।
ਲੱਠਾ ਤੇ ਖਾਸ਼ਾ ਨੀ ਮੇਰਾ ਹਰੀ ਰੰਗ ਤੋਤਾ, ਤੋਤੇ ਨੂੰ ਬੋਲਣ ਦੇ
ਜਰੀਏ[2] ਤੇ ਪਹਿਨੇ ਨੀ ਮੇਰੀ ਮੈਨਾ ਜਿੰਦੇ ।

---

1. ਪੱਛਮ ਦੀ ਦਿਸ਼ਾ ਵਲੋਂ 2. ਕਪੜੇ ਦੀ ਇਕ ਕਿਸਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਠੀ ਜਾਨ ਮੈਂ ਆਈ ਆਂ

ਤੇਰਿਆਂ ਮਹਿਲਾਂ ਨੂੰ ਲਗੀਆਂ ਸਲਾਈਆਂ
ਤੇਰਿਆਂ ਮਹਿਲਾਂ ਨੂੰ ਲਗੀਆਂ ਸਲਾਈਆਂ,
ਚੀਰੇ ਵਾਲੇ ਨੇ ਕੁੰਡੀਆਂ ਲਾਈਆਂ
ਮੁੱਠੀ ਜਾਨ ਮੈਂ ਆਈ ਆਂ।
ਜਾਗੋ ਜਾਗੋ ਜੀ ਮੇਰੀਆਂ ਦਰਦਾਂ ਦੇ ਵੇਲੇ ਜਾਗੋ
ਮੁਠੀ ਜਾਨ ਮੈਂ ਆਈ ਆਂ।
ਨੀ ਮੈਂ ਸੁਤੜੀ ਸੱਸ ਜਗਾਵਾਂ
ਨੀ ਸੱਸੂ ਜਾਨ ਤੇ ਲਬਾਂ ਤੇ ਆਈ,
ਸਸੂ ਘਿਉ ਦਾ ਕਟੋਰਾ ਲਿਆਈ
ਨੀ ਮੈਂ ਘਿਉ ਦਾ ਕਟੋਰਾ ਨਾ ਪੀਂਦੀ,
ਨੀ ਮੈਂ ਨਿਜ ਲਾਲਾਂ ਕੋਲ ਜਾਂਦੀ
ਮੁੱਠੀ ਜਾਨ ਮੈਂ ਆਈ ਆਂ।
ਨੀ ਮੈਂ ਸੁੱਤੀ ਜਠਾਣੀ ਜਗਾਈ
ਜਠਾਣੀ ਦੁੱਧ ਦਾ ਕਟੋਰਾ ਲਿਆਈ,
ਨੀ ਮੈਂ ਦੁੱਧ ਦਾ ਕਟੋਰਾ ਨਾ ਪੀਂਦੀ
ਨੀ ਮੈਂ ਨਿਜ ਲਾਲਾਂ ਕੋਲ ਜਾਂਦੀ
ਮੁੱਠੀ ਜਾਨ ਮੈਂ ਆਈ ਆਂ।
ਨੀ ਮੈਂ ਸੁੱਤੀ ਨਣਦ ਜਗਾਈ
ਨਣਦੇ ਗਿਰੀਉ ਛੁਹਾਰਾ ਲਿਆਈ,
ਨੀ ਮੈਂ ਗਿਰੀਉ ਛੁਹਾਰਾ ਨਾ ਖਾਂਦੀ
ਨੀ ਮੈਂ ਨਿਜ ਲਾਲਾਂ ਕੋਲ ਜਾਂਦੀ
ਮੁੱਠੀ ਜਾਨ ਮੈਂ ਆਈ ਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਕ ਮੁੱਠੀ ਵਿਚ ਆਂਵਦਾ ਈ

ਆਪ ਤੇ ਤੁਰਿਆ ਈ ਜਾਂਦਾ ਨੀ ਲਲਾਰਨ ਵਿਹੜੇ ਨੀ ਲਲਾਰਨ ਵਿਹੜੇ,
ਉਥੋਂ ਸੋਹਣਾ ਜਿਹਾ ਚੀਰਾ ਰੰਗਾਵਦਾ ਈ ।
ਦੱਸ ਦੱਸ ਲਲਾਰਨੇ ਲਾਲ ਮੇਰਾ ਨਹੀਂ ਤਾਂ ਦੋਸ਼ ਤੇਰੇ ਸਿਰ ਆਂਵਦਾ ਈ ।
ਅੱਖੀਂ ਡਿੱਠਾ ਨਹੀਉਂ ਕੰਨੀ ਸੁਣਿਆ ਨਾਹੀਂ,
ਐਵੇਂ ਦੋਸ਼ ਮੇਰੇ ਸਿਰ ਆਂਵਦਾ ਈ ।
ਇਕ ਰਾਤ ਘੁੰਮੀ[1] ਦੂਜੀ ਸੇਜ ਸੁੰਵੀ
ਤੀਜਾ ਲੱਕ ਮੁੱਠੀ ਵਿਚ ਆਂਵਦਾ ਈ ।
ਇਕ ਪੌਣ ਛੱਲੇ ਦੂਜੀ ਰਾਤ ਕੱਲੇ ਮੇਰਾ ਮਨ ਤੇ ਗੋਤੇ ਖਾਂਵਦਾ ਈ ।
ਆਪ ਤੇ ਤੁਰਿਆ ਈ ਜਾਂਦਾ ਨੀ ਸੁਨਿਆਰੇ ਵਿਹੜੇ ਨੀ ਸੁਨਿਆਰੇ ਵਿਹੜੇ,
ਉਥੋਂ ਸੋਹਣਾ ਜਿਹਾ ਕੈਂਠਾ ਘੜਾਂਵਦਾ ਈ ।
ਦਸ ਦਸ ਸੁਨਿਆਰੀਏ ਲਾਲ ਮੇਰਾ ਨਹੀਂ ਤਾਂ ਦੋਸ਼ ਤੇਰੇ ਸਿਰ ਆਂਵਦਾ ਈ ।
ਅੱਖੀਂ ਡਿਠਾ ਨਹੀਉਂ ਕੰਨੀ ਸੁਣਿਆ ਨਾਹੀਂ,
ਐਵੇਂ ਦੋਸ਼ ਮੇਰੇ ਸਿਰ ਆਂਵਦਾ ਈ ।
ਆਪ ਤੇ ਤੁਰਿਆ ਈ ਜਾਂਦਾ ਸੁਨਿਆਰੇ ਵਿਹੜੇ ਨੀ ਸੁਨਿਆਰੇ ਵਿਹੜੇ,
ਉਥੋਂ ਸੋਹਣਾ ਜੇਹਾ ਕੈਂਠਾ ਜੜਾਂਵਦਾ ਈ ।
ਦਸ ਦਸ ਸੁਨਿਆਰੀਏ ਲਾਲ ਮੇਰਾ ਨਹੀਂ ਤਾਂ ਦੋਸ਼ ਤਰੇ ਸਿਰ ਆਂਵਦਾ ਈ ।
ਅੱਖੀਂ ਡਿੱਠਾ ਨਹੀਉਂ ਕੰਨੀ ਸੁਣਿਆ ਨਾਹੀ
ਐਵੇਂ ਦੋਸ਼ ਮੇਰੇ ਸਿਰ ਆਂਵਦਾ ਈ ।

---

1. ਪੈ ਗਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਲ ਦੇ ਵਿਹੜੇ ਨਿੰਮ ਝੁਲੇਂਦੀ

ਵੇ ਬੀਬਾ !
ਬਾਬਲ ਦੇ ਵਿਹੜੇ ਨਿੰਮ ਝੁਲੇਂਦੀ, ਨਿੰਮ ਝੁਲੇਂਦੀ ਵੇ
ਉਸੇ ਦੀ ਛਾਵੇਂ ਬਹਿਨੀ ਆ ਵੇ ।
ਵੇ ਬੀਬਾ !
ਅੱਗੇ ਜੂ ਚਰਖਾ ਪਿਛੇ ਜੂ ਪੀਹੜਾ, ਪਿਛੇ ਜੂ ਪੀਹੜਾ ਵੇ
ਨਰਮੇ[1] ਦਾ ਸੂਤ ਕਤੇਂਦੀ ਆ ਵੇ ।
ਵੇ ਬੀਬਾ !
ਕੱਤ ਕੱਤ ਛੱਲੀਆਂ ਭਰੀਉ ਪਟਾਰੀ, ਭਰੀਉ ਪਟਾਰੀ ਵੇ
ਨਰਮੇ ਦਾ ਸੂਤ ਕਤੇਂਦੀ ਆਂ ਵੇ ।
ਵੇ ਬੀਬਾ !
ਭਰੀਉ ਪਟਾਰੀ ਮੈਂ ਸਿਰ ਪੁਰ ਧਰੀ, ਸਿਰ ਪੁਰ ਧਰੀ ਵੇ
ਦਰ ਦਰ ਹੋਕਾ[2] ਦੇ ਰਹੀਆਂ ਮੈਂ
ਵੇ ਬੀਬਾ !
ਦੁੱਖਾਂ ਦੀਆਂ ਛੱਲੀਆਂ ਲੈਂਦਾ ਨਾ ਕੋਈ, ਲੈਂਦਾ ਨਾ ਕੋਈ
ਨੈਣ ਭਰੇ ਭਰ ਰੋ ਰਹੀ ਆਂ ਮੈਂ ।

1. ਕਪਾਹ ਦੀ ਕਿਸਮ 2. ਦੂਸਰਿਆਂ ਨੂੰ ਸੁਨਾਉਣ ਹਿਤ ਉੱਚੀ ਅਵਾਜ਼ ਵਿਚ ਬੋਲਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੌਹਰੇ ਵਿਹੜੇ ਨਿੰਮ ਹੁਲਾਰੇ

ਵੇ ਬੀਬਾ ! ਸੌਹਰੇ ਦੇ ਵਿਹੜੇ ਨਿੰਮ ਹੁਲਾਰੇ, ਨਿੰਮ ਹੁਲਾਰੇ ਵੇ
ਉਹਦੀ ਤੇ ਛਾਵੇਂ ਮੈਂ ਬਹਿੰਨੀ ਆਂ ਵੇ ।
ਵੇ ਬੀਬਾ ! ਰੱਤੜਾ ਚਰਖਾ ਰੰਗੀਲੜਾ ਪੀਹੜਾ, ਰੰਗੀਲੜਾ ਪੀਹੜਾ ਵੇ
ਨਰਮੇ ਦਾ ਸੂਤ ਕਤੇਂਦੀ ਆਂ ਵੇ ।
ਕੱਤ ਕੱਤ ਛੱਲੀਆਂ ਭਰੀ ਪਟਾਰੀ, ਭਰੀ ਪਟਾਰੀ ਵੇ
ਹੱਟ ਪੰਸਾਰੀ ਦੀ ਜਾਨੀ ਆਂ ਵੇ ।
ਵੇ ਬੀਬਾ ! ਖੱਤਰੀ ਪੁੱਛੇ ਮਹਾਜਨ ਪੁੱਛੇ, ਮਹਾਜਨ ਪੁੱਛੇ ਵੇ
ਜਾਤ ਦੀ ਕੀ ਅਖਵਾਉਨੀਆਂ ਵੇ ।
ਨਾ ਖਤਰਾਣੀ ਤੇ ਨਾ ਰਾਜੇ ਬੇਟੀ, ਰਾਂਝੇ ਦੀ ਹੀਰ ਅਖਵਾਉਨੀਆਂ ਵੇ ।
ਵੇ ਬੀਬਾ ! ਸੌਹਰੇ ਦੇ ਵਿਹੜੇ ਲਾਲ ਵਿਕੇਂਦਾ, ਲਾਲ ਵਿਕੇਂਦਾ ਵੇ
ਲਾਲਾਂ ਦੇ ਵਣਜ ਕਰੇਂਦੀ ਆਂ ਮੈਂ ।
ਵੇ ਬੀਬਾ ! ਤੇਰੇ ਤੇ ਰਾਜ ਮੈਂ ਬੜੀਓ ਸੁਖਾਲੀ, ਬੜੀਓ ਸੁਖਾਲੀ ਵੇ
ਨਾ ਚੌਂਕੇ ਛੰਨਾ[1] ਤੇ ਨਾ ਚੌਂਕੇ ਥਾਲੀ, ਨਾ ਚੌਂਕੇ ਥਾਲੀ ਵੇ
ਮਾਂਜਣ ਦੇ ਹਥੋਂ ਮੈਂ ਬੜੀ ਸੁਖਾਲੀ, ਬੜੀਓ ਸੁਖਾਲੀ ਵੇ
ਮੈਂ ਮੱਤੀ[2] ਭੈਣੋਂ ਮੈਂ ਮੱਤੀਂ ਮੂਰਖ ਨੂੰ ਦੇ ਰਹੀ ਆਂ ।
ਵੇ ਬੀਬਾ ! ਤੇਰੇ ਤੇ ਰਾਜ ਮੈਂ ਕੁਝ ਨਾ ਡਿੱਠਾ, ਕੁਝ ਨਾ ਡਿੱਠਾ ਵੇ
ਨਾ ਮੱਥੇ ਦੌਂਣੀ[3] ਤੇ ਨਾ ਮੱਥੇ ਟਿੱਕਾ, ਨਾ ਮੱਥੇ ਟਿੱਕਾ ਵੇ
ਸੱਸ ਨਣਾਨ ਨੇ ਪਾਇਆ ਨਾ ਡਿੱਠਾ, ਪਾਇਆ ਨਾ ਡਿੱਠਾ ਵੇ
ਮੈਂ ਮੱਤੀਂ ਭੈਣੋਂ ਮੈ' ਮੱਤੀਂ ਮੂਰਖ ਨੂੰ ਦੇ ਰਹੀ ਆਂ ।
ਵੇ ਬੀਬਾ ! ਤੇਰੇ ਤੇ ਰਾਜ ਮੈਂ ਬੜੀਓ ਵਿਗੁੱਤੀ,[4] ਬੜੀਓ ਵਿਗੁੱਤੀ ਵੇ
ਨਾ ਸਿਰ ਸਾਲੂ ਤੇ ਨਾ ਪੈਰੀਂ ਜੁੱਤੀ, ਨਾ ਪੈਰੀਂ ਜੁੱਤੀ ਵੇ
ਉਤੋਂ ਤੇ ਉਤਰ ਥੱਲੇ ਨਾ ਸੁੱਤੀ, ਥਲੇ ਨਾ ਸੁੱਤੀ ਵੇ
ਉਪਰ ਤੇ ਖਾ ਲਿਆ ਮੱਛਰ ਤੇ ਗੁੱਤੀ, ਮੱਛਰ ਤੇ ਗੁੱਤੀ ਵੇ
ਮੈਂ ਮੱਤੀਂ ਭੈਣੋਂ ਮੈਂ ਮੱਤੀਂ ਮੂਰਖ ਨੂੰ ਦੇ ਰਹੀਆਂ ।

1. ਕਟੋਰਾ 2, ਮੱਤ/ਅੰਕਲ/ਸਮਝਾਉਣਾ 3. ਮੱਥੇ ਦਾ ਗਹਿਣਾ 4. ਵਿਗੋਚੀ/ ਵਿਹੂਣੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਹੜੇ ਤੇ ਸਾਡੇ ਅੰਬੀਆਂ ਦਾ ਬੂਟਾ

ਵਿਹੜੇ ਤੇ ਸਾਡੇ ਹਰੀਉ ਫਲਾਹੀ ਨਾਗ ਵਲ ਪਾ,
ਵੇ ਐਲ[1] ਗੁਮਾਨੀਆ ਨਾਗ ਬੈਠਾ ਵਲ ਪਾ ।

ਚੁੱਗ ਚੁੱਗ ਦਾਤਣਾਂ ਢੇਰ ਮੈਂ ਲਾਨੀਆਂ ਦਾਤਣ ਦੇ ਪੱਜ ਆ,
ਵੇ ਐਲ ਗੁਮਾਨੀਆਂ ਦਾਤਣ...

ਇਹੋ ਜਵਾਨੀ ਦੇ ਚਾਰ ਦਿਹਾੜੇ ਵੇ ਲਈਏ ਡੱਬੀ ਵਿਚ ਪਾ,
ਵੇ ਐਲ ਗੁਮਾਨੀਆਂ ਲਈਏ...

ਲਿੱਖ ਲਿੱਖ ਚਿੱਠੀਆਂ ਮੈਂ ਡਾਕੇ ਪਾਉਂਨੀਆਂ ਨੌਕਰੀ ਛੱਡ ਘਰ ਆ,
ਵੇ ਐਲ ਗੁਮਾਨੀਆਂ ਨੌਕਰੀ...

ਵਿਹੜੇ ਤੇ ਸਾਡੇ ਕਲੀਆਂ ਦਾ ਬੂਟਾ ਨਾਗ ਬੈਠਾ ਵਲ ਪਾ,
ਵੇ ਐਲ ਗੁਮਾਨੀਆਂ ਨਾਗ...

ਤੋੜ ਤੋੜ ਕਲੀਆਂ ਮੈਂ ਛੇਜ ਵਛਾਉਨੀਆਂ ਵੇਖਣ ਦੇ ਪੱਜ ਆ,
ਵੇ ਐਲ ਗੁਮਾਨੀਆਂ ਵੇਖਣ...

ਇਹੋ ਜਵਾਨੀ ਦੇ ਚਾਰ ਦਿਹਾੜੇ ਵੇ ਲਈਏ ਡੱਬੇ ਵਿਚ ਪਾ,
ਵੇ ਐਲ ਗੁਮਾਨੀਆਂ ਲਈਏ...

ਅਜ ਨਾ ਆਇਉਂ ਤੇ ਕਲ ਨਾ ਆਇਉਂ ਛੇਜ ਗਈ ਕੁਮਲਾ,
ਵੇ ਐਲ ਗੁਮਾਨੀਆਂ ਛੇਜ...

ਗਈਉ ਜਵਾਨੀ ਤੇ ਆਇਆ ਬੁਢੇਪਾ ਹੁਣ ਲਗਾ ਪਛੋਤਾਅ,
ਵੇ ਐਲ ਗੁਮਾਨੀਆਂ ਹੁਣ...

ਮੰਨਤਾਂ[2] ਮਨਾਉਂਨੀਆਂ ਵੇ ਗੁਮਾਨੀਆਂ ਮੁੜ ਜਵਾਨੀਏ ਆ,
ਵੇ ਐਲ ਗੁਮਾਨੀਆਂ ਮੁੜ...

---

1. ਅਹਿਜਲ/ਆਮੋੜ 2. ਸੁੱਖਣਾ ਸੁੱਖਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਹੜੇ ਤੇ ਸਾਡੇ ਅੰਬੀਆਂ ਦਾ ਬੂਟਾ ਨਾਗ ਬੈਠਾ ਵਲ ਪਾ,
ਵੇ ਐਲ ਗੁਮਾਨੀਆਂ ਨਾਗ...

ਦੁੱਗ ਚੁੱਗ ਅੰਬੀਆਂ ਢੇਰ ਮੈਂ ਲਾਉਨੀਆਂ ਚੂਪਣ ਦੇ ਪੱਜ ਆ,
ਵੇ ਐਲ ਗੁਮਾਨੀਆਂ ਚੂਪਣ...

ਇਹੋ ਜਵਾਨੀ ਦੇ ਚਾਰ ਦਿਹਾੜੇ ਵੇ ਲਈਏ ਡੱਬੀ ਵਿਚ ਪਾ,
ਵੇ ਐਲ ਗੁਮਾਨੀਆਂ ਲਈਏ...

ਗਈਓ ਜਵਾਨੀ ਤੇ ਆਇਆ ਬੁਢੇਪਾ ਹੁਣ ਲਗਾ ਪਛੋਤਾਅ,
ਵੇ ਐਲ ਗੁਮਾਨੀਆਂ ਹੁਣ...

ਹਾਰ ਪਰੋਨੀਂ ਆਂਮੰਨਤ ਮੰਨਨੀਆਂ ਵੇ ਗੁਮਾਨੀਆਂ ਮੁੜ ਜਵਾਨੀਏ ਆ
ਵੇ ਐਲ ਗੁਮਾਨੀਆਂ ਮੁੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਚੀ ਟਾਹਲੀ ਤੇ ਹੇਠ ਬਰੇਤਾ

ਉੱਚੀ ਟਾਹਲੀ ਤੇ ਹੇਠ ਬਰੇਤਾ ਪਾਣੀ ਨਿਉਣਾਂ ਨੂੰ ਆਏ,
ਇਹ ਤੇ ਪਾਣੀ ਸਾਡੀਆਂ, ਮੱਝੀਆਂ ਨੇ ਪੀਣਾ ਆਸ਼ਕ ਮਰਨ ਤਿਹਾਏ।
ਲੰਮੀ ਲੰਮੀ ਰਾਤ ਤੇ ਪਿਛਲਾ ਪਹਿਰ ਮੈਂ ਤੈਨੂੰ ਵਰਜ ਰਹੀ,
ਟਾਹਣੀ ਟਾਹਣੀ ਨਾਗ ਜੋ ਪੇਲੇ ਮਤ ਡੰਗ ਮਾਰੇ ਵੇ ਤੈਨੂੰ,
ਮਾਪਿਆਂ ਤੇ ਤੇਰਿਆਂ ਦਾ, ਕੁਝ ਨਹੀਉਂ ਜਾਣਾ
ਬਾਲ ਵਿਛੋੜਾ ਵੇ ਮੈਨੂੰ।
ਮਾਪਿਆਂ ਤੇ ਮੇਰਿਆਂ ਨੂੰ ਪੁੱਤ ਨਹੀਉਂ ਮਿਲਣਾ ਖੌਂਤ[1] ਬਥੇਰੇ ਨੀ ਤੈਨੂੰ।
ਕਾਲੀਆਂ ਰਾਤਾਂ ਤੇ ਵਗਦੀਆਂ ਨਦੀਆਂ ਮੈਂ ਤੈਨੂੰ ਵਰਜ ਰਹੀ,
ਟਾਹਣੀ ਟਾਹਣੀ ਨਾਗ ਜੋ ਪੇਲੇ ਮਤ ਡੰਗ ਮਾਰੇ ਵੇ ਤੈਨੂੰ,
ਮਾਪਿਆਂ ਤੇ ਤੇਰਿਆਂ ਦਾ ਕੁਲ ਨਹੀਉਂ ਜਾਣਾ
ਬਾਲ ਵਿਛੋੜਾ ਵੇ ਮੈਨੂੰ।

ਮਾਪਿਆਂ ਤੇ ਮੇਰਿਆਂ ਨੂੰ ਪੁੱਤ ਨਹੀਉਂ ਮਿਲਣਾ ਖੌਂਤ ਬਥੇਰੇ ਨੀ ਤੈਨੂੰ।
ਵਡੜੇ ਸਵੇਰੇ ਬਰਸਣ ਕਣੀਆਂ ਮੈਂ ਤੈਨੂੰ ਵਰਜ ਰਹੀ,
ਟਾਹਣੀ ਟਾਹਣੀ ਨਾਗ ਜੋ ਪੇਲੇ ਮਤ ਡੰਗ ਮਾਰੇ ਵੇ ਤੈਨੂੰ,
ਮਾਪਿਆਂ ਤੇ ਤੇਰਿਆਂ ਦਾ ਕੁਝ ਨਹੀਉਂ ਜਾਣਾ
ਬਾਲ ਵਿਛੋੜਾ ਵੇ ਮੈਨੂੰ।
ਮਾਪਿਆਂ ਮੇਰਿਆਂ ਨੂੰ ਪੁੱਤ ਨਹੀਉਂ ਮਿਲਣਾ, ਖੌਂਤ ਬਥੇਰੇ ਨੀ ਤੈਨੂੰ।

---

1. ਪਤੀ/ਮਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋੜੋ ਮੋੜੋ ਸਈਓ

ਰੋਟੀ ਖਾ ਨੀ ਗਿਆ ਬਾਲੀ ਸੁੱਟ ਨੀ ਗਿਆ
ਵਿਚ ਵਿਹੜੇ ਦੇ,
ਮੋੜੋ ਮੋੜੋ ਨੀ ਸਈਓ
ਜਿੰਦ ਗਈ ਵਿਚ ਲਾਲ ਦੇ।
ਇਕ ਰਾਤ ਘੁੰਮੀ ਦੂਜੀ ਸੇਜ ਸੁੰਞੀ
ਤੀਜੀ ਤੇਰੇ ਬਾਝੋਂ ਨੈਣੀ ਨੀਂਦ ਨਾ ਆਵੇ,
ਮੋੜੋ ਮੋੜੋ ਨੀ ਸਈਓ
ਜਿੰਦ ਗਈ ਵਿਚ ਲਾਲ ਦੇ।
ਬਾਹਰੋਂ ਆ ਨੀ ਗਿਆ ਕੇਸ ਵਾਹ ਨੀ ਗਿਆ
ਵਿਚ ਵਿਹੜੇ ਦੇ,
ਮੋੜੋ ਮੋੜੋ ਨੀ ਸਈਓ
ਜਿੰਦ ਗਈ ਵਿਚ ਲਾਲ ਦੇ।
ਲਾਲ ਦੇ ਕੇਸ ਲੰਮੇ ਕੇਸੀਂ ਪੈਣ ਛੱਲੇ
ਤੇਰੇ ਬਾਝੋਂ ਸਿੰਘ ਜੀ ਸਾਰੇ ਲੋਕ ਪਰਾਏ,
ਮੋੜੋ ਮੋੜੋ ਨੀ ਸਈਓ
ਜਿੰਦ ਗਈ ਵਿਚ ਲਾਲ ਦੇ।
ਘੋੜਾ ਲੈ ਨੀ ਗਿਆ ਕਾਠੀ ਸੁੱਟ ਨੀ ਗਿਆ
ਵਿਚ ਵਿਹੜੇ ਦੇ,
ਮੋੜੋ ਮੋੜੋ ਨੀ ਸਈਓ
ਜਿੰਦ ਗਈ ਵਿਚ ਲਾਲ ਦੇ।
ਘੋੜਾ ਲੈ ਨੀ ਗਿਆ ਕਾਠੀ ਸੁੱਟ ਨੀ ਗਿਆ
ਵਿਚ ਵਿਹੜੇ ਦੇ,
ਮੋੜੋ ਮੋੜੋ ਨੀ ਸਈਓ
ਜਿੰਦ ਗਈ ਵਿਚ ਲਾਲ ਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਰ ਵਸੇਂਦਿਆ ਨੌਕਰਾ ਵੇ

ਵੇ ਬੀਬਾ !
ਮਾਤਾ ਤੇ ਤੇਰੀ ਨੇ ਜ਼ੁਲਮ ਕਮਾਇਆ
ਆਪ ਸੁੱਤੀ ਸਾਨੂੰ ਚਰਖੇ ਤੇ ਡਾਹਿਆ ।
ਚਰਖੇ ਤੇ ਡਾਹਿਆ ਵੇ ਬੀਬਾ
ਮੈਂ ਵੀ ਸੁਲੱਖਣੀ ਨੇ ਤੰਦ ਨਾ ਪਾਇਆ ।
ਮੈਂ ਵੀ ਹੱਥਾ ਤੋੜ ਹੱਥ ਫੜਾਇਆ,
ਦੂਰ ਵਸੇਂਦਿਆ ਨੌਕਰਾ ਵੇ !

ਭਾਬੋ ਤੇ ਤੇਰੀ ਨੇ ਜ਼ੁਲਮ ਕਮਾਇਆ
ਆਪ ਸੁੱਤੀ ਸਾਨੂੰ ਚੱਕੀ ਤੇ ਡਾਹਿਆ ।
ਚੱਕੀ ਤੇ ਡਾਹਿਆ ਵੇ ਬੀਬਾ
ਮੈਂ ਵੀ ਸੁਲੱਖਣੀ ਨੇ ਗਲਾ ਨਾ ਪਾਇਆ ।
ਮੈਂ ਵੀ ਹੱਥਾ ਤੋੜ ਹੱਥ ਫੜਾਇਆ ।
ਦੂਰ ਵਸੇਂਦਿਆ ਨੌਕਰਾ ਵੇ !

ਭੈਣਾਂ ਤੇ ਤੇਰੀ ਜ਼ੁਲਮ ਕਮਾਇਆ ।
ਆਪ ਸੁੱਤੀ ਸਾਨੂੰ ਕਸੀਦੜੇ ਲਾਇਆ ।
ਕਸੀਦੜੇ ਲਾਇਆ ਵੇ ਬੀਬਾ ।
ਮੈਂ ਵੀ ਸੁਲੱਖਣੀ ਨੇ ਤੋਪਾ ਨਾ ਪਾਇਆ ।
ਤੋੜ ਧਾਗਾ ਉਹਦੇ ਹੱਥ ਫੜਾਇਆ ।
ਦੂਰ ਵਸੇਂਦਿਆ ਨੌਕਰਾ ਵੇ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛਡ ਗਵਾਂਢਣ ਦੀ ਦੋਸਤੀ

ਵੇ ਬੀਬਾ ਨੀਲੇ ਤੇ ਘੋੜੇ ਵਾਲਿਆ ਵੇ, ਘੋੜਾ ਸਹਿਜ ਦੁੜਾ
ਛੱਡ ਗਵਾਂਢਣ ਦੀ ਦੋਸਤੀ ਵੇ, ਹੋਰ ਕਰਾ ਲਾ ਵਿਆਹ
ਮੈਂ ਦਰਿਆਵਾਂ ਦੀ ਮਛਲੀ ਵੇ, ਬਗਲਾ ਬਣ ਕੇ ਆ
ਫਿਰ ਪਛੋਤਾਏਂਗਾ ਨੌਕਰਾ ਓਏ।
ਵੇ ਬੀਬਾ ਸੋਹਣੀ ਤੇ ਸੂਰਤ ਵਾਲਿਆ ਵੇ,
ਸ਼ੀਸ਼ਾ ਨਾ ਲਿਸ਼ਕਾ
ਛੱਡ ਗਵਾਂਢਣ ਦੀ ਦੋਸਤੀ ਵੇ,
ਹੋਰ ਕਰਾ ਲਾ ਵਿਆਹ
ਮੈਂ ਦਰਿਆਵਾਂਦੀ ਮਛਲੀ ਵੇ, ਬਗਲਾ ਬਣ ਕੇ ਆ
ਫਿਰ ਪਛੋਤਾਏਂਗਾ ਹਾਕਮਾ ਵੇ।
ਵੇ ਬੀਬਾ ਸੋਹਣੇ ਕੈਂਠੇ ਵਾਲਿਆ ਵੇ;
ਕੈਂਠਾ ਜੜਤ ਜੜਾ
ਛੱਡ ਗਵਾਂਢਣ ਦੀ ਦੋਸਤੀ ਵੇ, ਹੋਰ ਕਰ ਲਾ ਵਿਆਹ
ਮੈਂ ਦਰਿਆਵਾਂ ਦੀ ਮਛਲੀ ਵੇ, ਬਗਲਾ ਬਣ ਕੇ ਆ
ਛੱਡ ਗਵਾਂਢਣ ਦੀ ਦੋਸਤੀ ਵੇ, ਹੋਰ ਕਰ ਲਾ ਵਿਆਹ
ਫਿਰ ਪਛੋਤਾਏਂਗਾ ਨੌਕਰਾ ਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਂਵਾਂ ਲਈਆਂ ਤੇਰੇ ਵੇ ਵੀਰ ਨੇ

ਨੀ ਮ ਏਂ ਰਿੰਨਨੀਆਂ ਮੂੰਗਾਂ ਦੀ ਦਾਲ
ਨੀ ਮਾਏਂ ਰਿੰਨਨੀਆਂ ਮੂੰਗਾਂ ਦੀ ਦਾਲ
ਨੀ ਮਾਏਂ ਹੋਰਨਾਂ ਦੇ ਆ ਗਏ ਨੇ ਲਾਲ
ਮੇਰਾ ਕਿਉਂ ਆ ਗਿਆ ਛੋਟਾ ਨੀ ਦੇਵਰ ਨੀ।
ਨੀ ਮਾਏਂ ਦੇਵਰ ਨਾਲ ਨਾ ਤੋਰ ਨੀ ਮਾਏਂ ਦੇਵਰ ਨਾਲ ਨਾ ਤੋਰ
ਦੇਵਰ ਅੱਖੀਆਂ ਨੀ ਗਹਿਰੀਆਂ।
ਨੀ ਧੀਏ ਘਰ ਆਏ ਸਜਣ ਨਾ ਮੋੜ ਨਾਲ ਭੇਜੂੰ ਤੇਰੇ ਨੀ ਵੀਰ ਨੂੰ।
ਜਾਂ ਮਾਏਂ ਲੰਘੀ ਮੈਂ ਬਾਬਲ ਦਾ ਦੇਸ ਵੀਰੇ ਵਾਂਗਾਂ ਨੀ ਮੋੜੀਆਂ।
ਜਾ ਮਾਏਂ ਨਿੱਕੀ ਨਿੱਕੀ ਪੈਂਦੀ ਸੀ ਭੂਰ
ਦੇਵਰ ਤੰਬੂਆਂ ਨੀ ਤਾਣਿਆ।
ਨੀ ਭਾਬੋ ਤੰਬੂਏ ਹੇਠ ਜੂ ਆ
ਭਿਜ ਜਾਣ ਸੂਹੇ ਨੀ ਸੋਸਣੇ।[1]
ਵੇ ਦੇਰਾ ਮੇਰੀ ਵੀਣੀ ਨੂੰ ਹੱਥ ਨਾ ਲਾ
ਲਾਵਾਂ ਲਈਆਂ ਤੇਰੇ ਵੇ ਵੀਰ ਨੇ।
ਜਾਂ ਮਾਏ ਗਈ ਮੈਂ ਸੌਹਰੇ ਦੇ ਦੇਸ
ਮੂਰਖ ਮੱਝੀਆਂ ਨੀ ਚਾਰਦਾ।
ਕੀ ਖੌਂਤਾ ਚੜਿਆ ਸੀ ਤੈਨੂੰ ਤਾਪ
ਕੀ ਖੌਂਤਾ ਲੜਿਆ ਸੀ ਨਾਗ ?
ਲੈਣ ਕਿਉਂ ਭੇਜਿਆ ਛੋਟੇ ਵੇ ਵੀਰ ਨੂੰ।
ਨਾ ਨਾਜੋ ਚੜਿਆ ਸੀ ਮੈਨੂੰ ਤਾਪ ਨਾ ਮੈਨੂੰ ਲੜਿਆ ਸੀ ਨਾਗ
ਛੋਟਾ ਭਾਈ ਮੇਰਾ ਨੀ ਲਾਡਲਾ।
ਛੋਟਾ ਭਾਈ ਮੇਰਾ ਨੀ ਲਾਡਲਾ।

---

1. ਪਹਿਰਾਵਾ/ਗੁਲਾਬੀ ਰੰਗ ਦੇ ਕੱਪੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਬੋ ਨਾਰ ਪਰਾਈ ਵੇ

ਸਾਨੂੰ ਟਿੱਕਾ ਘੜਾ ਦੇ ਵੇ ਵੇ ਭਾਬੋ ਦਿਆ ਦੇਰਾ,
ਸਾਨੂੰ ਦੇਰ ਨਾ ਆਖੀਂ ਨੀ ਨੀ ਦਿਲ ਹੋ ਜਾਊ ਥੋੜਾ,
ਕਿਉਂ ਗਲੀਆਂ 'ਚ ਫਿਰਦਾਂ ਵੇ ਵੇ ਰਾਤਾਂ ਦਿਆ ਚੋਰਾ,
ਕਿਉਂ ਪੈਲਾਂ ਪਾਉਂਦਾ ਵੇ ਵੇ ਬਾਗਾਂ ਦਿਆ ਮੋਰਾ,
ਕੋਈ ਭਾਬੋ ਨਾਰ ਪਰਾਈ ਵੇ ।
ਸਾਨੂੰ ਠੂਠੀ ਘੜਾ ਦੇ ਵੇ ਵੇ ਭਾਬੋ ਦਿਆ ਦੇਰਾ,
ਸਾਨੂੰ ਦੇਰ ਨਾ ਆਖੀਂ ਨੀ ਦਿਲ ਹੋ ਜਾਊ ਥੋੜਾ,
ਕਿਉਂ ਗਲੀਆਂ 'ਚ ਫਿਰਦਾਂ ਵੇ ਰਾਤਾਂ ਦਿਆ ਚੋਰਾ,
ਕਿਉਂ ਪੈਲਾਂ ਪਾਉਂਦਾ ਵੇ ਵੇ ਬਾਗਾਂ ਦਿਆ ਮੋਰਾ,
ਕੋਈ ਭਾਬੋ ਨਾਰ ਪਰਾਈ ਵੇ ।
ਸਾਨੂੰ ਬੰਦ ਘੜਾ ਦੇ ਵੇ ਵੇ ਭਾਬੋ ਦਿਆ ਦੇਰਾ,
ਸਾਨੂੰ ਦੇਰ ਨਾ ਆਖੀਂ ਨੀ ਨੀ ਦਿਲ ਹੋ ਜਾਊ ਥੋੜਾ,
ਕਿਉਂ ਗਲੀਆਂ 'ਚ ਫਿਰਦਾਂ ਵੇ, ਵੇ ਰਾਤਾਂ ਦਿਆ ਚੋਰਾ,
ਕਿਉਂ ਪੈਲਾਂ ਪਾਉਂਦਾ ਵੇ ਵੇ ਬਾਗਾਂ ਦਿਆ ਮੋਰਾ
ਕੋਈ ਭਾਬੋ ਨਾਰ ਪਰਾਈ ਵੇ ।
ਕੋਈ ਭਾਬੋ ਨਾਰ ਪਰਾਈ ਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੀ ਸਾੜੀ ਮੈਂ ਸੜ ਗਈ ਦੇਰਾ

ਤੇਰੀ ਸਾੜੀ ਮੈਂ ਸੜ ਗਈ ਵੇ ਦੇਰਾ
ਚਰਖਾ ਮੂਲ ਨਾ ਡਾਹਵਾਂ ।
ਜੇ ਭਾਬੋ ਨੀ ਤੂੰ ਚਰਖਾ ਨੀ ਡਾਹਵੇਂ ਮੈਂ ਵਿਚ ਸ਼ੀਸ਼ੇ ਜੜਾਵਾਂ ।
ਆਵਾਂ ਜਾਵਾਂ ਤੇ ਸ਼ੀਸ਼ਾ ਨੀ ਵੇਖਾਂ ਤਾਂ ਤੇਰਾ ਦਰਸ਼ਨ ਪਾਵਾਂ ।
ਤੇਰੀ ਸਾੜੀ ਮੈਂ ਸੜ ਗਈ ਵੇ ਦੇਰਾ ਮੈਂ ਵਿਹੜੇ ਕੰਧ ਰਖਾਵਾਂ ।
ਜੇ ਭਾਬੋ ਨੀ ਤੂੰ ਕੰਧ ਕਰਾਵੇਂ ਮੈਂ ਵਿਚ ਬਾਰੀ ਰਖਾਵਾਂ ।
ਆਵਾਂ ਜਾਵਾਂ ਤੇ ਝਾਤੀ ਨੀ ਮਾਰਾਂ ਤਾਂ ਤੇਰਾ ਦਰਸ਼ਨ ਪਾਵਾਂ ।
ਤੇਰੀ ਸਾੜੀ ਮੈਂ ਸੜ ਗਈ ਵੇ ਦੇਰਾ ਮੈਂ ਵਿਹੜੇ ਵਾੜ ਕਰਾਵਾਂ ।
ਜੇ ਭਾਬੋ ਨੀ ਤੂੰ ਵਾੜ ਕਰਾਵੇਂ, ਮੈਂ ਕਲੀਆਂ ਲਗਾਵਾਂ ।
ਆਵਾਂ ਜਾਵਾਂ ਤੇ ਗੁੱਛੇ ਨੀ ਤੋੜਾਂ ਤਾਂ ਤੇਰਾ ਦਰਸ਼ਨ ਪਾਵਾਂ ।
ਤੇਰੀ ਸ਼ਾੜੀ ਮੈਂ ਸੜ ਗਈ ਵੇ ਦੇਰਾ ਉੱਚਾ ਮਹਿਲ ਪਵਾਵਾਂ,
ਜੇ ਭਾਬੋ ਨੀ ਤੂੰ ਮਹਿਲ ਪਵਾਵੇਂ ਮੈਂ ਪੌੜੀ ਰਖਾਵਾਂ ।
ਚੜ੍ਹਦਾ ਆਉਂਦਾ ਮੈਂ ਤੈਨੂੰ ਦੇਖਾਂ ਤੇਰਾ ਦਰਸ਼ਨ ਪਾਵਾਂ ।
ਤੇਰੀ ਸਾੜੀ ਮੈਂ ਸੜ ਗਈ ਵੇ ਦੇਰਾ ਵਿਹੜੇ ਖੂਹਾ ਲਵਾਵਾਂ ।
ਜੇ ਭਾਬੋ ਨੀ ਤੂੰ ਖੂਹਾ ਲਵਾਵੇਂ ਮੈਂ ਵਿਚ ਭੌਣੀ[1] ਬਣਾਵਾਂ ।
ਆਵਾਂ ਜਾਵਾਂ ਤੇ ਲੱਜ ਲਮਕਾਵਾਂ ਤਾਂ ਤੇਰਾ ਦਰਸ਼ਨ ਪਾਵਾਂ ।

---

1. ਖੂਹ ਦੀ ਮਣ ਉਤੇ ਲੰਮੀਆਂ ਲੱਕੜਾਂ ਦੇ ਸਹਾਰੇ ਲੱਕੜ ਦੀ ਬਣੀ ਚਰਖੜੀ ਨੁਮਾ ਹੁੰਦੀ ਹੈ ਜਿਸ ਉਤੋਂ ਲੱਜ ਨਾਲ ਘੱੜੇ/ਝੱਜਰ ਰਾਹੀਂ ਪਾਣੀ ਬਾਹਰ ਕੱਢਿਆ ਜਾਦਾ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇ ਅਨੋਖਿਆ ਦੇਰਾ !

ਬਾਰਾਂ ਤੇ ਮਜਲਾ[1] ਮੈਂ ਲੰਘ ਆਈ
ਮੇਰੀ ਨੱਥ ਡੱਬੇ ਦੇ ਵਿਚ ਰਹਿ ਗਈ
ਵੇ ਅਨੋਖਿਆ ਦੇਰਾ !
ਨੱਥ ਘੜਾਂ ਦਿਆਂ ਤੈਨੂੰ ਹੋਰ ਭਾਬੋ
ਡਾਹ ਲਾ ਪੀਹੜਾ ਤੇ ਬਹਿ ਜਾ ਸਾਡੇ ਕੋਲ
ਸਾਡੀ ਲੱਗੀ ਪ੍ਰੀਤ ਨਾ ਤੋੜ ਭਾਬੋ ।
ਬਾਰਾਂ ਤੇ ਮਜਲਾ ਮੈਂ ਲੰਘ ਆਈ
ਮੇਰੀ ਛਾਪ ਦੇ ਡੱਬੇ ਦੇ ਵਿਚ ਰਹਿ ਗਈ
ਵੇ ਅਨੋਖਿਆ ਦੇਰਾ !
ਛਾਪ ਘੜਾ ਦਿਆਂ ਤੈਨੂੰ ਹੋਰ ਭਾਬੋ
ਡਾਹ ਲਾ ਪੀਹੜਾ ਤੇ ਬਹਿ ਜਾ ਸ਼ਾਡੇ ਕੋਲ
ਸਾਡੀ ਲਗੀ ਪ੍ਰੀਤ ਨਾ ਤੋੜ ਭਾਬੋ ।
ਬਾਰਾਂ ਤੇ ਮਜਲਾਂ ਮੈਂ ਲੰਘ ਆਈ
ਮੇਰੀ ਗਾਨੀ ਡੱਬੇ ਵਿਚ ਰਹਿ ਗਈ
ਵੇ ਅਨੋਖਿਆ ਦੇਰਾ !
ਗਾਨੀ ਘੜਾਦਿਆਂ ਤੈਨੂੰ ਹੋਰ ਭਾਬੋ
ਡਾਹ ਲਾ ਪੀਹੜਾ ਤੇ ਬਹਿ ਜਾ ਸਾਡੇ ਕੋਲ ਭਾਬੋ ।
ਸਾਡੀ ਲੱਗੀ ਪ੍ਰੀਤ ਨਾ ਤੋੜ ਭਾਬੋ ।

---

1. ਮੰਜਲਾਂ/ਮੀਲ/ਸਫ਼ਰ ਦੇ ਪੜਾਅ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਬੀ ਮਾਰਦੀ ਦੇਵਰ ਨੂੰ ਬੋਲੀ

ਲੰਮੀ ਉੱਚੀ ਤੇ ਪੋਲੀ ਆ ਟਾਹਲੀ
ਭਾਬੀ ਮਾਰਦੀ ਦੇਵਰ ਨੂੰ ਬੋਲੀ
ਦਿਉਰਾ ਗਾਨੀ ਲੈ ਦੇ ਵੇ,
ਲੈ ਦੇ ਲੈ ਦੇ ਵੇ ਭਾਬੀ ਦਿਆ ਦੇਰਾ,
ਭਾਬੀ ਰੱਖੇ ਵੇ ਵੜਾ[1] ਪੱਖ ਤੇਰਾ
ਦੇਰਾ ਗਾਨੀ ਲੈ ਦੇ ਵੇ ।
ਤੇਰੀ ਗਾਨੀ ਨੂੰ ਲਗੜੇ ਸਤਾਰੇ
ਭਾਬੀ ਮੂੰਹ ਚੁੰਮੇ ਤੇ ਮੁੱਖ ਸਵਾਰੇ,
ਦੇਰਾ ਗਾਨੀ ਲੈ ਦੇ ਵੇ ।
ਲੈ ਦੇ ਲੈ ਦੇ ਭਾਬੀ ਦਿਆ ਦੇਰਾ
ਭਾਬੀ ਰਖੇ ਵੇ ਬੜਾ ਪੱਖ ਤੇਰਾ
ਦੇਰਾ ਗਾਨੀ ਲੈ ਦੇ ਵੇ ।
ਤੇਰੀ ਗਾਨੀ ਨੂੰ ਲਗੀਆਂ ਕਲੀਆਂ
ਵੇ ਮੈਂ ਰਾਹਾਂ ਚ ਉਡੀਕਦੀ ਖਲੀਆਂ,
ਦੇਰਾ ਗਾਨੀ ਲੈ ਦੇ ਵੇ ।
ਲੈ ਦੇ ਲੈ ਦੇ ਭਾਬੀ ਦਿਆ ਦੇਰਾ,
ਭਾਬੀ ਰਖੇ ਵੇ ਵੜਾ ਪੱਖ ਤੇਰਾ
ਦੇਰਾ ਗਾਨੀ ਲੈ ਦੇ ਵੇ ।

---

1. ਬੜਾ/ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਬੋ ਵਿਹੜੇ ਲੰਘਿਆ

ਕਾਂਟੇ ਜੀ ਘੜਾਏ ਉਹ ਵੀ ਭਾਬੋ ਕੰਨੀ[1] ਪਾਏ
ਭਾਬੋ ਵਿਹੜੇ ਲੰਘਿਆ
ਨਾ ਹੱਸਿਆ ਨਾ ਖੰਘਿਆ,
ਉਹ ਭੈੜਾ ਸਾਬੋਂ ਵੀ ਨਾ ਸੰਗਿਆ
ਨੰਘ[2] ਗਿਆ ਚੁੱਪ ਕੀਤਾ ਓਏ।

ਚੰਦ ਜੀ ਘੜਾਏ ਉਹ ਭੀ ਭਾਬੋ ਮੱਥੇ ਲਾਏ,
ਭਾਬੋ ਵਿਹੜੇ ਲੰਘਿਆ
ਨਾ ਹੱਸਿਆ ਨਾ ਖੰਘਿਆ,
ਉਹ ਭੈੜਾ ਸਾਬੋਂ ਵੀ ਨਾ ਸੰਗਿਆ
ਨੰਘ ਗਿਆ ਚੁਪ ਕੀਤਾ ਓਏ।

ਬੰਦ ਜੀ ਘੜਾਏ, ਉਹ ਵੀ ਭਾਬੋ ਹੱਥੀਂ ਪਾਏ
ਭਾਬੋ ਵਿਹੜੇ ਲੰਘਿਆ
ਨਾ ਹੱਸਿਆ ਨਾਲ ਖੰਘਿਆ।
ਉਹ ਭੈੜਾ ਸਾਬੋਂ ਵੀ ਨਾ ਸੰਗਿਆ।
ਨੰਘ ਗਿਆ ਚੁੱਪ ਕੀਤਾ ਓਏ।

ਫੁੱਲ ਜੀ ਘੜਾਏ, ਉਹ ਵੀ ਭਾਬੋ ਸਿਰ ਪਾਏ,
ਭਾਬੋ ਵਿਹੜੇ ਲੰਘਿਆ
ਨਾ ਹੱਸਿਆ ਨਾ ਖੰਘਿਆ,
ਉਹ ਭੈੜਾ ਸਾਬੋਂ ਵੀ ਨਾ ਸੰਗਿਆ
ਨੰਘ ਗਿਆ ਚੁੱਪ ਕੀਤਾ ਓਏ।

---

1. ਕੰਨਾਂ ਵਿਚ 2. ਲੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਵਾਜਾ ਪੀਰ ਧਿਆਈਏ

ਦਿਉਰਾ ਪਾਣੀ ਨੂੰ ਚਲੀਏ, ਚਲੀਏ ਡੂੰਘੇ ਸਰ[1] ਵੇ ।
ਦਿਉਰਾ ਪਾਣੀ ਨੂੰ ਚਲੀਏ, ਚਲੀਏ ਡੂੰਘੇ ਸਰ ਵੇ ।
ਬੰਨੇ ਜਾ ਵੇ ਖਲੋਤੀ, ਸੁੱਕਾ ਪਿਆ ਡੂੰਘਾ ਸਰ ਵੇ ।
ਬੰਨੇ ਜਾ ਵੇ ਖਲੋਤੀ, ਸੁੱਕਾ ਪਿਆ ਡੂੰਘਾ ਸਰ ਵੇ ।
ਖਵਾਜਾ[2] ਪੀਰ ਧਿਆਈਏ ਭਰ ਆਵੇ ਡੂੰਘਾ ਸਰ ਵੇ ।
ਖਵਾਜਾ ਪੀਰ ਧਿਆਈਏ ਭਰ ਆਵੇ ਡੂੰਘਾ ਸਰ ਵੇ ।
ਪਾਣੀ ਲੈ ਘਰ ਆਈ ਕੰਡਾ ਵੱਜਾ ਜ਼ੋਰਾਵਰ ਵੇ ।
ਪਾਣੀ ਲੈ ਘਰ ਆਈ ਕੰਡਾ ਵੱਜਾ ਜੋਰਾਵਰ ਵੇ ।
ਭਾਬੋ ਲਿਫ ਲਿਫ ਪੈਂਦੀ ਦੇਰ ਰੋਵੇ ਜਾਰੋ ਜਰ ਵੇ ।
ਵੇ ਨਾ ਰੋ ਛੋਟਿਆ ਦਿਉਰਾ ਵੈਦ ਲਿਆ ਰਾਜੀ ਕਰ ਵੇ ।
ਵੇ ਨਾ ਰੋ ਛੋਟਿਆ ਦਿਉਰਾ ਵੈਦ ਲਿਆ ਰਾਜੀ ਕਰ ਵੇ ।
ਵੈਦ ਕੀਕਰ ਲਿਆਂਵਾਂ ਵੱਡੇ ਵੀਰੇ ਦਾ ਡਰ ਵੇ ।
ਵੇ ਨਾ ਡਰ ਛੋਟਿਆ ਵੀਰਾ ਦੰਮ ਲੱਗੇ ਸਾਂਝੇ ਘਰ ਵੇ ।

---

1. ਸਰੋਵਰ 2. ਵਰੁਣ/ਖਿਜ਼ਰ/ਪਾਣੀ ਦਾ ਦੇਵਤਾ 3. ਰਾਜ਼ੀ/ਪੈਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਨਾ ਮਾਝਿਉਂ ਘੱਲ ਵੇ

ਅਸਾਂ ਕਾਂਟੇ ਘੜਾਉਨੇ ਸੋਨਾ ਮਾਝਿਉਂ ਘੱਲ ਵੇ ।
ਮੇਰਿਆ ਛੋਟਿਆ ਦੇਰਾ ਪੁੱਤ ਸੌਹਰੇ ਦਾ ਬਣ ਵੇ ।
ਰੁੱਤ ਕਲੀਆਂ ਦੀ ਆਈ ਚੰਬੇ ਵਾਂਗਰ ਖਿੜ ਵੇ ।
ਅਸਾਂ ਠੂਠੀ ਘੜਾਉਨੀ ਸੋਨਾ ਮਾਝਿਉਂ ਘੱਲ ਵੇ ।
ਮੇਰਿਆ ਛੋਟਿਆ ਦੇਰਾ ਪੁੱਤ ਸੌਹਰੇ ਦਾ ਬਣ ਵੇ ।
ਰੁੱਤ ਕਲੀਆਂ ਦੀ ਆਈ ਚੰਬੇ ਵਾਂਗਰ ਖਿੜ ਵੇ ।
ਅਸਾਂ ਚੰਦ ਘੜਾਉਨੇ ਸੋਨਾ ਮਾਝਿਉਂ ਘੱਲ ਵੇ ।
ਮੇਰਿਆ ਛੋਟਿਆ ਦੇਰਾ ਪੁੱਤ ਸੌਹਰੇ ਦਾ ਬਣ ਵੇ ।
ਰੁੱਤ ਕਲੀਆਂ ਦੀ ਆਈ ਚੰਬੇ ਵਾਂਗਰ ਖਿੜ ਵੇ ।
ਅਸਾਂ ਬੰਦ ਘੜਾਉਨੇ ਸੋਨਾ ਮਾਝਿਉਂ ਘੱਲ ਵੇ ।
ਮੇਰਿਆ ਛੋਟਿਆ ਦੇਰਾ ਪੁੱਤ ਸੌਹਰੇ ਦਾ ਬਣ ਵੇ ।
ਰੁੱਤ ਕਲੀਆਂ ਦੀ ਆਈ ਚੰਬੇ ਵਾਂਗਰ ਖਿੜ ਵੇ ।
ਅਸਾਂ ਟਿੱਕਾ ਘੜਾਉਣਾ ਸੋਨਾ ਮਾਝਿਉਂ ਘੱਲ ਵੇ ।
ਮੇਰਿਆ ਛੋਟਿਆ ਦੇਰਾ ਪੁੱਤ ਸੌਹਰੇ ਦਾ ਬਣ ਵੇ ।
ਰੁੱਤ ਕਲੀਆਂ ਦੀ ਆਈ ਚੰਬੇ ਵਾਂਗਰ ਖਿੜ ਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨੂੰ ਜਮਨਾ ਦਾ ਸੋਨਾ ਮੰਗਾ ਦੇ

ਬੀਬਾ ਗੱਡੀ ਚੜ੍ਹੇਂਦੀ ਦੀ ਠੂਠੀ ਗਵਾਚੀ ਵੇ
ਸਾਨੂੰ ਜਮਨਾ ਦਾ ਸੋਨਾ ਮੰਗਾ ਦੇ ਸ਼ਪਾਈਆ[1] ।

ਬੀਬਾ ਤੂੰ ਵੇ ਸ਼ਪਾਹੀ ਮੈਂ ਰਾਜੇ ਦੀ ਬੇਟੀ,
ਬੀਬਾ ਤੇਰਾ ਮੇਰਾ ਲਿਖਿਆ ਸੰਜੋਗ ਸ਼ਪਾਈਆ ।

ਬੀਬਾ ਗੱਡੀ ਵੇ ਚੜ੍ਹੇਂਦੀ ਦਾ ਟਿੱਕਾ ਗਵਾਚਾ ਵੇ
ਸਾਨੂੰ ਜਮਨਾ ਦਾ ਸੋਨਾ ਮੰਗਾ ਦੇ ਸ਼ਪਾਈਆ ।

ਬੀਬਾ ਤੂੰ ਵੇ ਸ਼ਪਾਈ ਮੈਂ ਰਾਜੇ ਦੀ ਬੇਟੀ ਵੇ
ਬੀਬਾ ਤੇਰਾ ਮੇਰਾ ਲਿਖਿਆ ਸੰਜੋਗ ਸ਼ਪਾਈਆ ।

ਬੀਬਾ ਗੱਡੀ ਵੇ ਚੜ੍ਹੇਂਦੀ ਦੀ ਨੱਥ ਗਵਾਚੀ ਵੇ
ਸਾਨੂੰ ਜਮਨਾ ਦਾ ਸੋਨਾ ਮੰਗਾ ਦੇ ਸ਼ਪਾਈਆ ।

ਬੀਬਾ ਤੂੰ ਵੇ ਸ਼ਪਾਈ ਮੈਂ ਰਾਜੇ ਦੀ ਬੇਟੀ ਵੇ
ਬੀਬਾ ਗੱਡੀ ਵੇ ਚੜ੍ਹੇ ਦੀ ਦੀ ਬੁਗਤੀ ਵੇ ਡਿੱਗ ਪਈ
ਸਾਨੂੰ ਜਮਨਾ ਦਾ ਸੋਨਾ ਮੰਗਾ ਦੇ ਸ਼ਪਾਈਆ ।

ਬੀਬਾ ਤੂੰ ਵੇ ਸ਼ਪਾਈ ਮੈਂ ਰਾਜੇ ਦੀ ਬੇਟੀ ਵੇ
ਬੀਬਾ ਤੇਰਾ ਮੇਰਾ ਲਿਖਿਆ ਸੰਜੋਗ ਸ਼ਪਾਈਆ ।

---

1. ਸਿਪਾਹੀਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਰ ਚਲੇ ਪਰਦੇਸ

ਜੇ ਤੁਰ ਚਲੇ ਜੀ ਪਰਦੇਸ ਜਾਣ ਨਾ ਦੇਨੀ ਆਂ ।
ਨੀਲੇ ਘੋੜੇ ਦੀ ਵਾਗ ਮੈਂ ਫੜ ਲੈਨੀ ਆਂ ।
ਗਲ ਵਿਚ ਖੁਲੇ ਕੇਸ ਅਰਜ ਕਰੇਨੀਂ ਆਂ ।
ਗਲ ਵਿਚ ਖੁਲ੍ਹੇ ਕੇਸ ਮਿੰਨਤ[1] ਕਰੇਨੀਂ ਆਂ ।

ਜੇ ਤੁਰ ਚਲੇ ਨੀ ਪਰਦੇਸ ਨੀ ਗੋਰੀਏ ਆਪਣਾ ਦਿਲ ਧਰੀਂ ।
ਪਿੱਛੇ ਤੇ ਡਾਹਵੀਂ ਚਰਖਾ ਲਾਲ ਅਗੇ ਬਾਲੀ[2] ਕੰਧ ਕਰੀਂ ।

ਕੰਧ ਨੂੰ ਖਾ ਗਿਆ ਕੱਲਰ ਵੇ ਬਾਲੀ ਕੰਧ ਢਹਿ ਪਈ ।
ਚਰਖੇ ਨੂੰ ਲਗ ਗਿਆ ਘੁਣ ਮੜਿਕ ਗੁੱਜ[5] ਟੁੱਟ ਗਈ ।

ਕੌਣ ਤੇ ਪਾਵੇ ਚਰਖੇ ਗੁੱਜ ਤੇ ਕੌਣ ਬਾਲੀ ਕੰਧ ਕਰੇ ।
ਕੌਣ ਤੇ ਬਹੇ ਸਾਡੇ ਕੋਲ ਕੌਣ ਸਾਡਾ ਦਿਲ ਧਰੇ ।
ਦੇਵਰ ਤੇ ਪਾਵੇ ਚਰਖੇ ਗੁੱਜ ਸੌਹਰਾ ਤੇ ਬਾਲੀ ਕੰਧ ਕਰੇ ।
ਸੱਸੂ ਤੇ ਬਹੇ ਤੇਰੇ ਕੋਲ ਨਣਦੇ ਤੇਰਾ ਦਿਲ ਧਰੇ ।

ਜੇ ਤੁਰ ਚਲੇ ਜੀ ਪਰਦੇਸ ਜਾਣ ਨਾ ਦੇਨੀਂ ਆਂ ।
ਨੀਲੇ ਘੋੜੇ ਦੀ ਵਾਗ ਮੈਂ ਫੜ ਲੈਨੀ ਆਂ ।
ਗਲ ਵਿਚ ਖੁੱਲ੍ਹੇ ਕੇਸ ਅਰਜ ਕਰੇਨੀਂ ਆਂ ।
ਗਲ ਵਿਚ ਖੁੱਲ੍ਹੇ ਕੇਸ ਮਿੰਨਤ ਕਰੇਨੀ ਆਂ ।

---

1. ਤਰਲਾ/ਬੇਨਤੀ 2. ਮਿੱਟੀ ਦੀ ਕੰਧ/ਰੇਤ 3. ਚਰਖੇ ਦਾ ਇਕ ਭਾਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਵਸਾਂਗੇ ਉਦੋਂ ਗੱਲਾਂ ਦਸਾਂਗੇ

ਅਸਾਂ ਕੈਂਠਾ ਘੜਾਇਆ ਤੁਸਾਂ ਜਾਣਕੇ ਜੀ।
ਤਸਾਂ ਰੰਦ[1] ਕਿਉਂ ਪਾਇਆ ਘਰ ਵਿਚ ਆਣ ਕੇ ਜੀ।
ਜਦੋਂ ਵਸਾਂਗੇ ਉਦੋਂ ਗੱਲਾਂ ਦਸਾਂਗੇ ਜੀ।
ਅਸਾਂ ਬੰਨ੍ਹ ਪਟਾਰੀ ਵਿਚ ਸੀਤੀਆਂ ਜੀ।
ਤੇਰੀ ਅੰਮਾਂ ਜੋ ਸਾਡੇ ਨਾਲ ਕੀਤੀਆਂ ਜੀ।
ਅਸਾਂ ਟਿੱਕਾ ਘੜਾਇਆ ਤੁਸਾਂ ਜਾਣਕੇ ਜੀ।
ਤੁਸਾਂ ਰੰਦ ਕਿਉਂ ਪਾਇਆ ਘਰ ਵਿਚ ਆਣ ਕੇ ਜੀ।
ਜਦੋਂ ਵਸਾਂਗੇ ਉਦੋਂ ਗੱਲ ਦਸਾਂਗੇ ਜੀ।
ਅਸਾਂ ਬੰਨ੍ਹ ਪਟਾਰੀ ਵਿਚ ਸੀਤੀਆਂ ਜੀ।
ਤੇਰੀ ਭਾਬੋ ਜੋ ਸਾਡੇ ਨਾਲ ਕੀਤੀਆਂ ਜੀ।
ਅਸਾਂ ਬੰਦ ਘੜਾਏ ਤੁਸਾਂ ਜਾਣਕੇ ਜੀ।
ਤੁਸਾਂ ਰੰਦ ਕਿਉਂ ਪਾਇਆ ਘਰ ਵਿਚ ਆਣ ਕੇ ਜੀ।
ਜਦੋਂ ਵਸਾਂਗੇ ਉਦੋਂ ਗੱਲਾਂ ਦਸਾਂਗੇ ਜੀ।
ਅਸਾਂ ਬੰਨ੍ਹ ਪਟਾਰੀ ਵਿਚ ਸੀਤੀਆਂ ਜੀ।
ਤੇਰੀ ਅੰਮਾਂ ਜੋ ਸਾਡੇ ਨਾਲ ਕੀਤੀਆਂ ਜੀ।
ਅਸਾਂ ਚੰਦ ਘੜਾਏ ਤੁਸਾਂ ਜਾਣਕੇ ਜੀ।
ਤੁਸਾਂ ਰੰਦ ਕਿਉਂ ਪਾਇਆ ਘਰ ਵਿਚ ਆਣ ਕੇ ਜੀ।
ਜਦੋਂ ਵਸਾਂਗੇ ਉਦੋਂ ਗੱਲਾਂ ਦੱਸਾਂਗੇ ਜੀ।
ਅਸਾਂ ਬੰਨ੍ਹ ਪਟਾਰੀ ਵਿਚ ਸੀਤੀਆਂ ਜੀ।
ਤੇਰੀ ਭੈਣਾਂ ਜੋ ਸਾਡੇ ਨਾਲ ਕੀਤੀਆਂ ਜੀ।

---

1. ਝਗੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਸੋਹਣਾ ਤੁਰ ਗਿਆ

ਉੱਚੀਏ ਲੰਮੀਏ ਟਾਹਲੀਏ ਤੇਰੇ ਹੇਠ ਲਲਾਰੀ ਬਜ਼ਾਰ ਮਾਏਂ
ਹੇਠ ਲਲਾਰੀ ਬਾਜ਼ਾਰ ਮਾਏਂ ।
ਚੀਰਾ ਤੇ ਦੇਂਦਾ ਈ ਰੰਗ ਕੇ ਕਲਗੀ ਨੂੰ ਲਾਉਂਦਾ ਈ ਬਹਾਰ ਮਾਏਂ ।
ਆਪ ਤੇ ਮੋਹਣਾ ਤੁਰ ਗਿਆ ਸਾਨੂੰ ਤੇ ਗਿਆ ਈ ਵਸਾਰ ਮਾਏਂ ।
ਸਾਨੂੰ ਤੇ ਗਿਆ ਈ ਵਸਾਰ ਮਾਏਂ ।
ਜੇ ਮੈਂ ਹੁੰਦੀ ਜਾਗਦੀ ਤੁਰ ਜਾਂਦੀ ਜਾਂਵੀ ਦੇ ਨਾਲ ਮਾਏਂ ।
ਉੱਚੀਏ ਲੰਮੀਏ ਟਾਹਲੀਏ ਤੇਰੇ ਹੇਠ ਸੁਨਿਆਰ ਬਜ਼ਾਰ ਮਾਏਂ ।
ਕੈਂਠਾ ਤੇ ਦੇਂਦਾ ਈ ਘੜਕੇ ਧਾਗੇ ਨੂੰ ਲਾਉਂਦਾ ਈ ਬਹਾਰ ਮਾਏਂ ।
ਆਪ ਤੇ ਸੋਹਣਾ ਤੁਰ ਗਿਆ ਸਾਨੂੰ ਤੇ ਗਿਆ ਈ ਵਸਾਰ ਮਾਏਂ ।
ਸਾਨੂੰ ਤੇ ਗਿਆ ਈ ਵਸਾਰ ਮਾਏਂ ।
ਜੇ ਮੈਂ ਹੁੰਦੀ ਜਾਗਦੀ ਤੁਰ ਜਾਂਦੀ ਜਾਂਵੀ ਦੇ ਨਾਲ ਮਾਏ ।
ਉੱਚੀਏ ਲੰਮੀਏ ਟਾਹਲੀਏ ਤੇਰੇ ਹੇਠ ਦਰਜੀ ਬਜ਼ਾਰ ਮਾਏਂ ।
ਜੋੜਾ ਤੇ ਦਿੰਦਾ ਈ ਬਣਾ ਕੇ ਨੀ ਕੁੜਤੀ ਨੂੰ ਲਾਉਂਦਾ ਈ ਬਹਾਰ ਮਾਏਂ ।
ਆਪ ਤੇ ਸੋਹਣਾ ਤੁਰ ਗਿਆ ਸਾਨੂੰ ਤੇ ਗਿਆ ਈ ਵਸਾਰ ਮਾਏਂ ।
ਜੇ ਮੈਂ ਹੁੰਦੀ ਜਾਗਦੀ ਤੁਰ ਜਾਂਦੀ ਜਾਂਵੀ ਦੇ ਨਾਲ ਮਾਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਮੇਰੀ ਚੈਂਚਲ ਨਾਰ

ਜੇ ਹੋਵੇਂ ਭਾਬੋ ਐਡੀ ਦਿਲਗੀਰ
ਭੇਜਾਂ ਮਰਾਸੀ ਤੇ ਮੰਗਾ ਦਿਆਂ ਵੀਰ ।

ਪਹਿਲੀ ਮਜਲੇ[1] ਗਿਆ ਲਹੌਰ
ਦੂਜੀ ਮਜਲੇ ਗਿਆ ਪਸ਼ੌਰ ।
ਤੀਜੀ ਮਜਲੇ ਵੇ ਰਾਂਝੇ ਦੇ ਕੋਲ ।
ਕੀ ਕੁਝ ਖਾਵੇ ਮੇਰਾ ਮਾਈ ਬਾਪ ।

ਕੀ ਕੁਝ ਖਾਵੇ ਮੇਰੀ ਚੈਂਚਲ[2] ਨਾਰ ।
ਗਿਰੀਉ ਛੁਹਾਰਾ ਖਾਵੇ ਤੇਰਾ ਮਾਈ ਤੇ ਬਾਪ ।
ਰੁੱਖੀ ਤੇ ਮਿੱਸੀ ਤੇਰੀ ਚੈਂਚਲ ਨਾਰ ।
ਕੀ ਕੁਝ ਪਹਿਨੇ ਮੇਰਾ ਮਾਈ ਤੇ ਬਾਪ

ਕੀ ਕੁਝ ਪਹਿਨੇ ਮੇਰੀ ਚੈਂਚਲ ਨਾਰ ।
ਰੇਸ਼ਮ ਪਹਿਨੇ ਤੇਰਾ ਮਾਈ ਤੇ ਬਾਪ ।
ਪਾਟੀਆਂ ਲੀਰਾਂ ਤੇਰੀ ਚੈਂਚਲ ਨਾਰ ।
ਕਿੱਥੇ ਤੇ ਵੱਸੇ ਮੇਰਾ ਮਾਈ ਤੇ ਬਾਪ ।

ਕਿਥੇ ਵਸੇਂਦੀ ਚੈਂਚਲ ਨਾਰ ।
ਮਹਿਲ ਤੇ ਮਾੜੀ ਤੇਰਾ ਮਾਈ ਤੇ ਬਾਪ
ਟੁੱਟੇ ਛੱਪਰ ਹੇਠ ਤੇਰੀ ਚੈਂਚਲ ਨਾਰ ।
ਦੇ ਦੇ ਸਾਬਾ[3] ਛੁੱਟੀਆਂ ਘਰ ਮੇਰੀ ਚੈਂਚਲ ਨਾਰ
ਛੇਤੀ ਆਵਾਂ ਗੋਰੀਏ ਇੱਥੇ ਕੱਟਾਂ ਨਾ ਰਾਤ ।

---

1. ਪੜਾਉ/ਮੰਜ਼ਲ 2. ਚੁਸਤ/ਸਿਆਣੀ 3. ਸਾਹਿਬ ਅਫ਼ਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟਿੱਕਾ ਰੱਖ ਲਿਆ ਵਿਚ ਮੂਰਤਾਂ ਦੇ

ਚੰਦ ਘੜਣੇ ਦਿਤੇ ਨੀ ਟਿੱਕਾ ਰਖ ਲਿਆ
ਟਿੱਕਾ ਰਖ ਲਿਆ ਵਿਚ ਮੂਰਤਾਂ ਦੇ ।
ਨਿਹੁੰ ਲੱਗ ਰਹੀਆਂ ਨਿਹੁੰ ਲਾ ਲਈਆਂ
ਨਿਹੁੰ ਲਾ ਲਈਆਂ ਨਾਲ ਮੂਰਤਾ ਦੇ ।
ਨੀ ਨਾ ਮੰਗ ਮਾਏ ਨੀ ਨਾ ਵਿਆਹ ਸਾਨੂੰ
ਸਾਡੀ ਨਿਹੁੰ ਲਗੀ ਨੀ ਵਿਚ ਆਸ਼ਕਾਂ ਦੇ ।
ਨੀ ਨਾ ਬੋਲ ਧੀਏ ਨਾ ਸਾੜ ਮੈਨੂੰ
ਮੈਂ ਤਾਂ ਢੂੰਡ ਬੈਠੀ ਵਿਚ ਡੇਰਿਆਂ ਦੇ
ਨੀ ਨਾ ਰੱਖ ਮਾਏ ਨੀ ਨਾ ਤੋਰ ਮਾਏ
ਸਾਨੂੰ ਵਗਦੀ ਨਦੀ ਦੇ ਵਿਚ ਰੋੜ ਮਾਏ ।
ਜਿਥੇ ਵੰਞ ਨਾ ਲਗੇ ਬੇੜੀ ਵਾਲਿਆਂ ਦਾ
ਜਿਥੇ ਇਲਮ[1] ਨਾ ਚੱਲੇ ਨੀ ਮੁਲਾਣਿਆਂ ਦਾ ।
ਲੰਮਾ ਲੰਮਾ ਕੋਠਾ ਨੀ ਸ਼ਤੀਰ ਨਹੀਉਂ
ਜਿਥੇ ਰਾਂਝਾ ਵੱਸੇ ਵੇ ਉਥੇ ਹੀਰ ਨਹੀਉਂ ।
ਲੰਮਾ ਲੰਮਾ ਕੋਠਾ ਨੀ ਲਟੈਣ[2] ਨਹੀਉਂ ।
ਜਿਥੇ ਪੰਜ ਵੀਰੇ ਉਥੇ ਭੈਣ ਨਹੀਉਂ ।
ਚਿੱਟੀ ਚਿੱਟੀ ਖੂਹੀ ਵੇ ਉਥੇ ਲੱਜ ਨਹੀਉਂ
ਜਿੱਥੇ ਸੱਸ ਪਰਧਾਨ ਨੂੰਹ ਦਾ ਹੱਜ ਨਹੀਉਂ ।
ਚਿੱਟੀ ਚਿੱਟੀ ਖੂਹੀ ਵੇ ਉਤੇ ਡੋਲ ਨਹੀਉਂ
ਜਿੱਥੇ ਸੱਸ ਪਰਧਾਨ ਨੂੰਹ ਦੀ ਲੋੜ ਨਹੀਉਂ
ਜਿੱਥੇ ਅੱਗ ਬਲੇ ਵੇ ਉਥੇ ਥਾਂ ਤੱਤਾ
ਕਿਸੇ ਭੱਜਾਂ ਪਿੱਟੀ ਨਾਲ ਮੇਰਾ ਲਾਲ ਰਤਾ ।
ਜਿੱਥੇ ਬੱਦਲ ਗੱਜੇ ਵੇ ਉਥੇ ਪੈਣ ਕਣੀਆਂ
ਕਿਸੇ ਭੱਜਾਂ ਪਿੱਟੀ ਦੇ ਨਾਲ ਲਗ ਰਹੀਆਂ ।

---

1 ਜਾਦੂਮਈ ਵਿਦਿਆ 2. ਛੱਤ ਲਈ ਲੱਕੜੀ ਦਾ ਵੱਡਾ ਗਾਡਰਨੁਮਾ ਸ਼ਤੀਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਲੋਚਾ ਜਾਲਮਾ

ਬਲੋਚਾ ਜਾਲਮਾ ਵੇ ਨਾ ਮਾਰੀਂ ਤੀਲੇ
ਵੇ ਲੱਗੀਆਂ ਨੇ ਯਾਰੀਆਂ ਰੰਗ ਹੋ ਗਏ ਪੀਲੇ ।
ਵੇ ਲੱਗੀਆਂ ਨੇ ਯਾਰੀਆਂ ਰੰਗ ਹੋ ਗਏ ਪੀਲੇ ।
